Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 3 : # ਅੰਕ 262 03/01/2025 www.samajweekly.com samajweekly @samajweekly samajweekly

# ਮਨੂ, ਗੁਕੇਸ਼, ਹਰਮਨਪ੍ਰੀਤ ਤੇ ਪ੍ਰਵੀਨ ਨੂੰ ਖੇਲ ਰਤਨ ਪੁਰਸਕਾਰ

## ਖੇਡ ਮੰਤਰਾਲੇ ਵੱਲੋਂ ਐਲਾਨੇ 32 ਅਰਜੁਨ ਪੁਰਸਕਾਰ ਜੇਤੂਆਂ ਵਿੱਚ 17 ਪੈਰਾ ਅਥਲੀਟ ਸ਼ਾਮਲ

**ਨਵੀਂ ਦਿੱਲੀ।** ਖੇਡ ਮੰਤਰਾਲੇ ਨੇ ਅੱਜ ਓਲੰਪਿਕ ਵਿੱਚ ਦੋ ਤਗ਼ਮੇ ਜੇਤੂ ਮਨੂ ਭਾਕਰ, ਸ਼ਤਰੰਜ ਵਿਸ਼ਵ ਚੈਂਪੀਅਨ ਡੀ. ਗੁਕੇਸ਼, ਪੁਰਸ਼ ਹਾਕੀ ਕਪਤਾਨ ਹਰਮਨਪ੍ਰੀਤ ਸਿੰਘ ਅਤੇ ਪੈਰਾ ਅਥਲੀਟ ਪ੍ਰਵੀਨ ਕੁਮਾਰ ਨੂੰ ਮੇਜਰ ਧਿਆਨ

### ਰਾਸ਼ਟਰਪਤੀ ਮੁਰਮੂ ਖਿਡਾਰੀਆਂ ਦਾ 17 ਨੂੰ ਕਰਨਗੇ ਸਨਮਾਨ

ਚੰਦ ਖੇਲ ਰਤਨ ਪੁਰਸਕਾਰ ਦੇਣ ਦਾ ਐਲਾਨ ਕੀਤਾ ਹੈ। ਇਸੇ ਤਰ੍ਹਾਂ ਖੇਡ ਮੰਤਰਾਲੇ ਵੱਲੋਂ 32 ਅਰਜੁਨ ਪੁਰਸਕਾਰ ਜੇਤੂਆਂ ਦੇ ਨਾਮ ਵੀ ਐਲਾਨੇ ਗਏ ਹਨ, ਜਿਨ੍ਹਾਂ ਵਿੱਚ 17 ਪੈਰਾ-ਅਥਲੀਟਾਂ ਦੇ ਨਾਮ ਵੀ ਸ਼ਾਮਲ ਹਨ। ਰਾਸ਼ਟਰਪਤੀ ਦਰੋਪਦੀ ਮੁਰਮੂ 17 ਜਨਵਰੀ ਨੂੰ ਰਾਸ਼ਟਰਪਤੀ ਭਵਨ ਵਿੱਚ ਇਨ੍ਹਾਂ ਨੂੰ ਪੁਰਸਕਾਰ ਦੇਣਗੇ।



ਮਨੂ ਭਾਕਰ | ਡੀ ਗੁਕੇਸ਼ | ਹਰਮਨਪ੍ਰੀਤ ਸਿੰਘ | ਪ੍ਰਵੀਨ ਕੁਮਾਰ
ਜਰਮਨਪ੍ਰੀਤ ਸਿੰਘ | ਸੁਖਜੀਤ ਸਿੰਘ | ਸਰਬਜੋਤ ਸਿੰਘ | ਅਮਨ ਸਹਿਰਾਵਤ

22 ਸਾਲਾਂ ਭਾਕਰ ਇਕ ਓਲੰਪਿਕ ਵਿੱਚ ਦੋ ਤਗ਼ਮੇ ਜਿੱਤਣ ਵਾਲੀ ਆਜ਼ਾਦ ਭਾਰਤ ਦੀ ਪਹਿਲੀ ਅਥਲੀਟ ਬਣੀ ਸੀ। ਉਸ ਨੇ ਅਗਸਤ ਵਿੱਚ ਪੈਰਿਸ ਓਲੰਪਿਕ ’ਚ 10 ਮੀਟਰ ਏਅਰ ਪਿਸਟਲ ਵਿਅਕਤੀਗਤ ਅਤੇ 10 ਮੀਟਰ ਏਅਰ ਪਿਸਟਲ ਮਿਕਸਡ ਟੀਮ ਈਵੈਂਟ ਵਿੱਚ ਕਾਂਸੇ ਦੇ ਤਗ਼ਮੇ ਜਿੱਤੇ ਸਨ। ਬੀਤੇ ਦਿਨੀਂ ਭਾਕਰ ਦੇ ਪਿਤਾ ਅਤੇ ਕੋਚ ਨੇ ਖੇਡ ਮੰਤਰਾਲੇ ’ਤੇ ਭਾਕਰ ਨੂੰ ਖੇਡ ਰਤਨ ਲਈ ਨਜ਼ਰਅੰਦਾਜ਼ ਕਰਨ ਦਾ ਦੋਸ਼ ਲਾਇਆ ਸੀ। ਇਸੇ ਓਲੰਪਿਕ ਵਿੱਚ ਹਰਮਪ੍ਰੀਤ ਦੀ ਅਗਵਾਈ ਵਾਲੀ ਭਾਰਤੀ ਹਾਕੀ ਟੀਮ ਨੇ ਲਗਾਤਾਰ ਦੂਜਾ ਕਾਂਸੇ ਦਾ ਤਗ਼ਮਾ ਜਿੱਤਿਆ ਸੀ। ਦੂਜੇ ਪਾਸੇ 18 ਸਾਲਾ ਗੁਕੇਸ਼ ਹਾਲ ਹੀ ਵਿੱਚ ਹੁਣ ਤੱਕ ਦਾ ਸਭ ਤੋਂ ਛੋਟੀ ਉਮਰ ਦਾ ਵਿਸ਼ਵ ਚੈਂਪੀਅਨ ਬਣਿਆ। ਇਸ ਤੋਂ ਪਹਿਲਾਂ ਉਸ ਨੇ ਸ਼ਤਰੰਜ ਓਲੰਪਿਆਡ ਵਿੱਚ ਭਾਰਤੀ ਟੀਮ ਨੂੰ ਇਤਿਹਾਸਕ ਸੋਨ ਤਗ਼ਮਾ ਜਿਤਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਸੀ। ਇਸੇ ਤਰ੍ਹਾਂ ਪੈਰਾ ਹਾਈ-ਜੰਪਰ ਪ੍ਰਵੀਨ ਪੈਰਿਸ ਪੈਰਾਲੰਪਿਕ ਵਿੱਚ ਟੀ64 ਵਰਗ ਵਿੱਚ ਚੈਂਪੀਅਨ ਬਣਿਆ ਸੀ। ਅਰਜੁਨ ਪੁਰਸਕਾਰ ਲਈ ਚੁਣੇ ਗਏ ਅਥਲੀਟਾਂ ਵਿੱਚ ਪੈਰਿਸ ਓਲੰਪਿਕ ’ਚ ਕਾਂਸੇ ਦਾ ਤਗ਼ਮਾ ਜਿੱਤਣ ਵਾਲਾ ਪਹਿਲਵਾਨ ਅਮਨ ਸਹਿਰਾਵਤ, ਨਿਸ਼ਾਨੇਬਾਜ਼ ਸਵਪਨਿਲ ਕੁਸਾਲੇ ਅਤੇ ਸਰਬਜੋਤ ਸਿੰਘ, ਪੁਰਸ਼ ਹਾਕੀ ਟੀਮ ਦੇ ਖਿਡਾਰੀ ਜਰਮਨਪ੍ਰੀਤ ਸਿੰਘ, ਸੁਖਜੀਤ ਸਿੰਘ, ਸੰਜੈ ਅਤੇ ਅਭਿਸ਼ੇਕ, ਦੌੜਾਕ ਜਯੋਤੀ ਯਾਰਾਜੀ, ਜੈਵਲਿਨ ਥ੍ਰੋਅਰ ਅਨੂ ਰਾਣੀ, ਮਹਿਲਾ ਹਾਕੀ ਟੀਮ ਦੀ ਕਪਤਾਨ ਸਲੀਮਾ ਟੇਟੇ, ਵਿਸ਼ਵ ਚੈਂਪੀਅਨ ਮੁੱਕੇਬਾਜ਼ ਨੀਤੂ ਅਤੇ ਸਵੀਟੀ, ਤੈਰਾਕ ਸਾਜਨ ਪ੍ਰਕਾਸ਼, ਓਲੰਪੀਆਡ ਵਿੱਚ ਸੋਨ ਤਗ਼ਮਾ ਜੇਤੂ ਸ਼ਤਰੰਜ ਖਿਡਾਰਨ ਵੰਤਿਕਾ ਅਗਰਵਾਲ ਤੇ ਸਕੁਐਸ਼ ਸਟਾਰ ਅਭੈ ਸਿੰਘ ਸ਼ਾਮਲ ਹਨ। ਇਸ ਤੋਂ ਇਲਾਵਾ ਜਿਨ੍ਹਾਂ ਪੈਰਾ-ਅਥਲੀਟਾਂ ਨੂੰ ਅਰਜੁਨ ਪੁਰਸਕਾਰ ਦਿੱਤਾ ਜਾਵੇਗਾ, ਉਨ੍ਹਾਂ ਵਿੱਚ ਜੇਤੂ ਧਰਮਬੀਰ (ਕਲੱਬ ਥਰੋਅ), ਨਵਦੀਪ ਸਿੰਘ (ਜੈਵਲਿਨ ਥ੍ਰੋਅ), ਨਿਤੇਸ਼ ਕੁਮਾਰ (ਪੈਰਾ ਬੈਡਮਿੰਟਨ), ਰਾਕੇਸ਼ ਕੁਮਾਰ (ਤੀਰਅੰਦਾਜ਼ੀ), ਮੋਨਾ ਅਗਰਵਾਲ (ਨਿਸ਼ਾਨੇਬਾਜ਼ੀ), ਰੁਬੀਨਾ ਫਰਾਂਸਿਸ (ਨਿਸ਼ਾਨੇਬਾਜ਼ੀ), ਪ੍ਰੀਤੀ ਪਾਲ, ਜੀਵਨਜੀ ਦੀਪਤੀ, ਅਜੀਤ ਸਿੰਘ, ਸਚਿਨ ਸਰਜੇਰਾਓ ਖਿਲਾੜੀ, ਪ੍ਰਣਵ ਸੂਰਮਾ, ਐਚ ਹੋਕਾਟੋ ਸੇਮਾ, ਸਿਮਰਨ, ਤੁਲਾਸੀਮਤੀ ਮੁਰੂਗੇਸਨ, ਨਿਤਿਆ ਸ੍ਰੀ ਸੁਮਾਤੀ ਸਿਵਾਨ, ਮਨੀਸ਼ਾ ਰਾਮਦਾਸ ਅਤੇ ਕਪਿਲ ਪਰਮਾਰ (ਪੈਰਾ-ਜੂਡੋ) ਸ਼ਾਮਲ ਹਨ।

# ਸੁਪਰੀਮ ਕੋਰਟ 'ਚ ਡੱਲੇਵਾਲ ਨੂੰ ਡਾਕਟਰੀ ਸਹਾਇਤਾ ਮੁਹਈਆ ਕਰਵਾਉਣ ਨੂੰ ਲੈ ਕੇ ਹੋਈ ਸੁਣਵਾਈ

**ਨਵੀਂ ਦਿਲੀ।** ਅੱਜ ਸੁਪਰੀਮ ਕੋਰਟ ਵਿਚ ਖਨੌਰੀ ਬਾਰਡਰ 'ਤੇ 38ਵਾਂ ਦਿਨਾਂ ਤੋਂ ਮਰਨ ਵਰਤ 'ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੂੰ ਡਾਕਟਰੀ ਸਹਾਇਤਾ ਮੁਹੱਈਆ ਕਰਵਾਉਣ ਨੂੰ ਲੈ ਕੇ ਸੁਣਵਾਈ ਹੋਈ ਹੈ। ਪੰਜਾਬ ਸਰਕਾਰ ਵਲੋਂ ਪੇਸ਼ ਹੋਏ ਵਕੀਲਾਂ ਨੇ ਆਪਣਾ ਪੱਖ ਰੱਖਿਆ ਜਿਸ ਤੇ ਸੁਪਰੀਮ ਕੋਰਟ ਨੇ ਕਿਹਾ ਕਿ ਅਦਾਲਤ ਨੂੰ ਇਹ ਸਮਝ ਨਹੀਂ ਆ ਰਹੀ ਕਿ ਪੰਜਾਬ ਸਰਕਾਰ ਡੱਲੇਵਾਲ ਨੂੰ ਮਨਾ ਕਿਉਂ ਨਹੀਂ ਸਕੀ । ਇਸ ਤੋਂ ਬਾਅਦ ਅਦਾਲਤ ਨੇ ਡੱਲੇਵਾਲ ਨੂੰ ਡਾਕਟਰੀ ਸਹਾਇਤਾ ਮੁਹਈਆ ਕਰਵਾਉਣ ਸਬੰਧੀ ਪੰਜਾਬ ਸਰਕਾਰ ਨੂੰ ਚਾਰ ਦਿਨ ਦਾ ਹੋਰ ਸਮਾਂ ਦੇ ਦਿੱਤਾ ਅਤੇ ਅਗਲੀ ਸੁਣਵਾਈ 6 ਜਨਵਰੀ ਨੂੰ ਹੋਵੇਗੀ। ਸੁਪਰੀਮ ਕੋਰਟ ਨੇ ਪੰਜਾਬ ਦੇ ਮੁੱਖ ਸਕੱਤਰ ਨੂੰ ਸੋਮਵਾਰ ਤੱਕ ਪਾਲਣਾ ਹਲਫ਼ਨਾਮਾ ਦਾਇਰ ਕਰਨ ਲਈ ਕਿਹਾ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਪੰਜਾਬ ਸਰਕਾਰ ਡੱਲੇਵਾਲ ਨੂੰ ਕਿਉਂ ਨਹੀਂ ਸਮਝਾ ਪਾ ਰਹੀ ਕਿ ਹਸਪਤਾਲ 'ਚ





ਉਨ੍ਹਾਂ ਦਾ ਮਰਨ ਵਰਤ ਜਾਰੀ ਰਹੇਗਾ। ਅੱਜ ਹੋਈ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਕਿਹਾ ਕਿ ਕੁਝ ਕਿਸਾਨ ਆਗੂਆਂ ਦੇ ਬਿਆਨ ਗ਼ੈਰ ਜ਼ਿੰਮੇਦਾਰਾਨਾ ਹਨ ਤੇ ਸਾਨੂੰ ਅਜਿਹੇ ਆਗੂਆਂ ਦੇ ਇਰਾਦਿਆਂ ਬਾਰੇ ਪਤਾ ਹੈ।

ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਵਲੋਂ ਪੇਸ਼ ਹੋਏ ਸੋਲਿ-ਸਟਰ ਜਰਨਲ ਨੂੰ ਪੁੱਛਿਆ ਕਿ ਕੇਂਦਰ ਸਰਕਾਰ ਪੂਰੇ ਘਟਨਾਕ੍ਰਮ 'ਤੇ ਚੁੱਪ ਕਿਉਂ ਹੈ।

## ਅਮ੍ਰਿਤਪਾਲ ਦੇ ਪਿਤਾ ਵੱਲੋਂ ਮਾਘੀ ਮੇਲੇ ਮੌਕੇ ਕੀਤਾ ਜਾਵੇਗਾ ਸਿਆਸੀ ਪਾਰਟੀ ਦਾ ਐਲਾਨ

**ਅੰਮ੍ਰਿਤਸਰ।** ਖਡੂਰ ਸਾਹਿਬ ਤੋਂ ਸੰਸਦ ਮੈਂਬਰ ਤੇ ਐੱਨਐੱਸਏ ਤਹਿਤ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਅਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਅੱਜ ਕਿਹਾ ਕਿ ਉਹ 14 ਜਨਵਰੀ ਨੂੰ ਮਾਘੀ ਮੇਲੇ ਮੌਕੇ ਪੰਜਾਬ ਵਿਚ ਸਿਆਸੀ ਪਾਰਟੀ ਬਣਾਉਣ ਦਾ ਐਲਾਨ ਕਰਨਗੇ। ਉਨ੍ਹਾਂ ਕਿਹਾ ਕਿ ਅਮ੍ਰਿਤਪਾਲ ਸਿੰਘ ਜੇਲ੍ਹ 'ਚੋਂ ਰਿਹਾਅ ਹੋਣ ਮਗਰੋਂ ਪਾਰਟੀ ਦੀ ਅਗਵਾਈ ਕਰੇਗਾ ਤੇ ਉਦੋਂ ਤੱਕ ਪਾਰਟੀ ਦੀ ਕਮਾਨ ਕੋਲ ਉਨ੍ਹਾਂ ਕੋਲ ਰਹੇਗੀ। ਤਰਸੇਮ ਸਿੰਘ ਨੇ ਕਿਹਾ ਕਿ ਉਹ ਸਿੰਘ ਸੰਗਤ ਦੀ ਹਾਜ਼ਰੀ ਵਿਚ ਨਵੀਂ ਪਾਰਟੀ ਦੇ ਨਾਮ ਤੇ ਏਜੰਡੇ ਬਾਰੇ ਐਲਾਨ ਕਰਨਗੇ। 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅਮ੍ਰਿਤਪਾਲ ਸਿੰਘ ਨੂੰ ਆਪਣੇ ਹਮਾਇਤੀਆਂ ਦੇ ਨਾਲ ਅਜਨਾਲਾ ਪੁਲੀਸ ਥਾਣੇ 'ਤੇ ਕੀਤੇ ਹਮਲੇ ਦੇ




ਦੋਸ਼ ਵਿਚ 23 ਫਰਵਰੀ ਨੂੰ ਮੋਗਾ ਦੇ ਰੋਡੇ ਪਿੰਡ 'ਚੋਂ ਗ੍ਰਿਫ਼ਤਾਰ ਕੀਤਾ ਗਿਆ ਸੀ।

## ਪ੍ਰਸ਼ਾਂਤ ਕਿਸ਼ੋਰ ਵੱਲੋਂ ਬਿਹਾਰ ਪਬਲਿਕ ਸਰਵਿਸ ਕਮਿਸ਼ਨ ਦੀ ਪ੍ਰੀਖਿਆ ਰੱਦ ਕਰਵਾਉਣ ਲਈ ਮਰਨ ਵਰਤ ਸ਼ੁਰੂ

**ਪਟਨਾ।** ਜਨ ਸਵਰਾਜ ਦੇ ਬਾਨੀ ਪ੍ਰਸ਼ਾਂਤ ਕਿਸ਼ੋਰ ਬਿਹਾਰ ਲੋਕ ਸੇਵਾ ਕਮਿਸ਼ਨ (ਬੀਪੀਐੱਸਸੀ) ਵੱਲੋਂ 13 ਦਸੰਬਰ ਨੂੰ ਲਈ ਪ੍ਰੀਖਿਆ ਰੱਦ ਕਰਵਾਉਣ ਦੀ ਮੰਗ ਨੂੰ ਲੈ ਕੇ ਗਾਂਧੀ ਮੈਦਾਨ ਵਿਚ ਮਰਨ ਵਰਤ ਉੱਤੇ ਬੈਠ ਗਏ ਹਨ। ਕਿਸ਼ੋਰ ਨੇ ਨਿਤੀਸ਼ ਕੁਮਾਰ ਸਰਕਾਰ ਨੂੰ '48 ਘੰਟੇ ਦਾ ਅਲਟੀਮੇਟਮ' ਦਿੰਦਿਆਂ ਤਿੰਨ ਦਿਨ ਪਹਿਲਾਂ ਇਤਿਹਾਸਕ ਗਾਂਧੀ ਮੈਦਾਨ ਤੋਂ ਮਰਨ ਵਰਤ ਸ਼ੁਰੂ ਕਰਨ ਦਾ ਐਲਾਨ ਕੀਤਾ ਸੀ। ਕਾਬਿਲੇਗੌਰ ਹੈ ਕਿ ਪੀੜਤ ਉਮੀਦਵਾਰਾਂ ਨੇ ਪੇਪਰ ਲੀਕ ਦੇ ਹਵਾਲੇ ਨਾਲ ਪ੍ਰੀਖਿਆ ਰੱਦ ਕਰਨ ਦੀ ਮੰਗ ਕੀਤੀ ਸੀ। ਉਧਰ ਸਥਾਨਕ ਪ੍ਰਸ਼ਾਸਨ ਨੇ ਕਿਹਾ ਕਿ ਗਾਂਧੀ ਮੈਦਾਨ ਉੱਤੇ ਮਰਨ ਵਰਤ ਰੱਖਣਾ ਗ਼ੈਰਕਾਨੂੰਨੀ ਹੈ ਕਿਉਂਕਿ ਇਹ ਧਰਨੇ ਪ੍ਰਦਰਸ਼ਨਾਂ ਲਈ ਨਿਰਧਾਰਿਤ ਥਾਂ ਨਹੀਂ ਹੈ। ਗਾਂਧੀ ਮੈਦਾਨ ਉੱਤੇ ਆਪਣੇ ਹਮਾਇਤੀਆਂ ਵਿਚ ਘਿਰੇ ਕਿਸ਼ੋਰ ਨੇ ਕਿਹਾ, ''ਮੇਰੀ ਮੁੱਖ ਮੰਗ 13 ਦਸੰਬਰ ਨੂੰ ਲਈ ਪ੍ਰੀਖਿਆ ਰੱਦ ਕਰ ਕੇ ਨਵੇਂ ਸਿਰੇ ਤੋਂ ਪ੍ਰੀਖਿਆ



ਲੈਣ ਬਾਰੇ ਹੈ। ਮੈਨੂੰ ਪਤਾ ਲੱਗਾ ਹੈ ਕਿ ਜਿਨ੍ਹਾਂ ਪੋਸਟਾਂ ਲਈ ਪ੍ਰੀਖਿਆ ਲਈ ਗਈ ਹੈ, ਉਨ੍ਹਾਂ ਦੀ ਵਰਚੁਅਲੀ ਵੇਚ-ਵੱਟ ਕੀਤੀ ਜਾ ਰਹੀ ਹੈ। ਅਜਿਹੇ ਭ੍ਰਿਸ਼ਟ ਅਧਿਕਾਰੀਆਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਨਿਆਂ ਦੇ ਕਟਹਿਰੇ ਵਿਚ ਖੜ੍ਹਾ ਕੀਤਾ ਜਾਵੇ।'' ਕਿਸ਼ੋਰ ਨੇ ਮੰਗ ਕੀਤੀ ਕਿ ਪਿਛਲੇ ਦਸ ਸਾਲਾਂ ਦੌਰਾਨ ਲਈਆਂ ਮੁਕਾਬਲੇ ਦੀਆਂ ਪ੍ਰੀਖਿਆਵਾਂ ਬਾਰੇ ਵ੍ਹਾਈਟ ਪੇਪਰ ਜਾਰੀ ਕੀਤਾ ਜਾਵੇ। ਸਾਬਕਾ ਚੋਣ ਰਣਨੀਤੀਕਾਰ ਨੇ ਦਾਅਵਾ ਕੀਤਾ ਕਿ ਸਰਕਾਰ ਪੇਪਰ ਲੀਕ ਲਈ ਜ਼ਿੰਮੇਵਾਰ ਸਿੱਖਿਆ ਮਾਫ਼ੀਆ ਨੂੰ ਨੱਥ ਪਾਉਣ ਵਿਚ ਨਾਕਾਮ ਰਹੀ ਹੈ। ਉਧਰ ਸੀਪੀਆਈ (ਐੱਮਐੱਲ) ਲਿਬਰੇਸ਼ਨ ਨੇ ਐਲਾਨ ਕੀਤਾ ਕਿ ਉਸ ਦੇ ਵਿਦਿਆਰਥੀ ਵਿੰਗ 'ਆਇਸਾ' ਵੱਲੋਂ ਹਮਖਿਆਲੀ ਜਥੇਬੰਦੀਆਂ ਨੂੰ ਨਾਲ ਲੈ ਕੇ ਸ਼ੁੱਕਰਵਾਰ ਨੂੰ ਮੁੱਖ ਮੰਤਰੀ ਨਿਤੀਸ਼ ਕੁਮਾਰ ਦੀ ਰਿਹਾਇਸ਼ ਦੇ ਬਾਹਰ ਧਰਨਾ ਦਿੱਤਾ ਜਾਵੇਗਾ। ਕਾਬਿਲੇਗੌਰ ਹੈ ਕਿ ਬੀਪੀਐੱਸਸੀ ਵੱਲੋਂ 13 ਦਸੰਬਰ ਨੂੰ ਲਈ ਪ੍ਰੀਖਿਆ ਵਿਚ ਪੰਜ ਲੱਖ ਦੇ ਕਰੀਬ ਉਮੀਦਵਾਰ ਬੈਠੇ ਸਨ ਤੇ ਇਸ ਦੌਰਾਨ ਬਾਪੂ ਪਰਿਕਸ਼ਾ ਪਰੀਸਰ ਵਿਚ ਪ੍ਰੀਖਿਆ ਦੇਣ ਆਏ ਸੈਂਕੜੇ ਪ੍ਰੀਖਿਆਰਥੀਆਂ ਨੇ ਕਥਿਤ ਪੇਪਰ ਲੀਕ ਹੋਣ ਕਰਕੇ ਪ੍ਰੀਖਿਆ ਦਾ ਬਾਈਕਾਟ ਕੀਤਾ ਸੀ। ਬਿਹਾਰ ਲੋਕ ਸੇਵਾ ਕਮਿਸ਼ਨ ਨੇ ਹਾਲਾਂਕਿ ਪੇਪਰ ਲੀਕ ਦੇ ਦੋਸ਼ਾਂ ਤੋਂ ਇਨਕਾਰ ਕਰਦਿਆਂ ਕਿਹਾ ਸੀ ਕਿ ਇਹ ਦੋਸ਼ ਮਹਿਜ਼ ਪ੍ਰੀਖਿਆ ਰੱਦ ਕਰਵਾਉਣ ਦੀ ਸਾਜ਼ਿਸ਼ ਤਹਿਤ ਲਾਏ ਗਏ ਹਨ। ਬਾਪੂ ਪਰਿਕਸ਼ਾ ਪਰੀਸਰ ਵਿਚ ਪ੍ਰੀਖਿਆ ਦੇਣ ਵਾਲੇ 10 ਹਜ਼ਾਰ ਤੋਂ ਵੱਧ ਉਮੀਦਵਾਰਾਂ ਨੂੰ ਹੁਣ 4 ਜਨਵਰੀ ਨੂੰ ਸ਼ਹਿਰ ਦੇ 22 ਵੱਖ ਵੱਖ ਕੇਂਦਰਾਂ ਵਿਚ ਪ੍ਰੀਖਿਆ ਵਿਚ ਬੈਠਣ ਲਈ ਕਿਹਾ ਗਿਆ ਹੈ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਮਿਡ-ਡੇਅ ਮੀਲ 'ਚ ਸ਼ਾਮਲ ਹੋਵੇਗੀ ਖੀਰ ਤੇ ਘਿਓ ਦੇ ਹਲਵੇ ਦੀ ਮਿਠਾਸ

**ਅੰਮ੍ਰਿਤਸਰ।** ਪੰਜਾਬ ਸਰਕਾਰ ਨੇ ਸਰਦੀਆਂ ਲਈ ਮਿਡ-ਡੇਅ ਮੀਲ ਚਾਰਟ ਵਿੱਚ ਤਬਦੀਲੀ ਕਰਦਿਆਂ ਖੀਰ ਅਤੇ ਘਿਓ ਦੇ ਹਲਵੇ ਸਮੇਤ ਮੌਸਮੀ ਪਕਵਾਨਾਂ ਨੂੰ ਇਸ ਵਿਚ ਸ਼ਾਮਲ ਕੀਤਾ ਹੈ। ਇਸ ਸਬੰਧੀ ਸਿੱਖਿਆ ਵਿਭਾਗ ਵੱਲੋਂ ਸਾਰੇ ਸਰਕਾਰੀ ਸਕੂਲਾਂ ਨੂੰ ਇੱਕ ਪੱਤਰ ਰਾਹੀਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਬਦਲਿਆ ਹੋਇਆ ਚਾਰਟ 8 ਜਨਵਰੀ ਤੋਂ 31 ਜਨਵਰੀ ਤੱਕ ਸਰਦੀਆਂ ਦੀਆਂ ਛੁੱਟੀਆਂ ਤੋਂ ਬਾਅਦ ਪੇਸ਼ ਕੀਤਾ ਜਾਵੇਗਾ। ਇਹ ਭੋਜਨ ਯੋਜਨਾ ਵਿਦਿਆਰਥੀਆਂ ਲਈ ਮੌਸਮੀ ਪੌਸ਼ਟਿਕ ਖ਼ੁਰਾਕ ਦੇ ਨਾਲ-ਨਾਲ ਰਵਾਇਤੀ ਖ਼ੁਰਾਕ ਨੂੰ ਸ਼ਾਮਲ ਕਰੇਗੀ। ਇਸ ਅਨੁਸਾਰ ਹਰ ਮੰਗਲਵਾਰ ਖੀਰ, ਵੀਰਵਾਰ ਨੂੰ ਘਿਓ ਦਾ ਹਲਵਾ ਅਤੇ ਸ਼ੁੱਕਰਵਾਰ ਨੂੰ ਮੌਸਮੀ ਫਲ - ਕਿੰਨੂ ਜਾਂ ਸੰਗਤਰਾ ਪਰੋਸਿਆ ਜਾਵੇਗਾ। ਜ਼ਿਕਰਯੋਗ ਹੈ ਕਿ ਮੌਸਮੀ ਫਲ ਪਿਛਲੇ ਸਾਲ ਸ਼ਾਮਲ ਕੀਤਾ ਗਿਆ ਸੀ। ਸੂਬੇ ਵਿੱਚ 8ਵੀਂ ਜਮਾਤ ਤੱਕ 19,000 ਸਕੂਲੀ ਵਿਦਿਆਰਥੀਆਂ ਨੂੰ ਮਿਡ-ਡੇਅ ਮੀਲ ਦਿੱਤਾ ਜਾਂਦਾ ਹੈ। ਵਿਭਾਗ ਨੇ ਪ੍ਰਾਇਮਰੀ ਸਕੂਲਾਂ ਵਿੱਚ ਪ੍ਰਤੀ ਬੱਚਾ ਮਿਡ-ਡੇਅ ਮੀਲ ਦੀ ਕੀਮਤ 5.45 ਰੁਪਏ ਤੋਂ ਵਧਾ ਕੇ 6.19 ਰੁਪਏ ਪ੍ਰਤੀ ਬੱਚਾ ਅਤੇ ਅੱਪਰ ਪ੍ਰਾਇਮਰੀ ਜਮਾਤਾਂ ਲਈ ਪ੍ਰਤੀ ਬੱਚਾ 8.17 ਰੁਪਏ ਤੋਂ ਵਧਾ ਕੇ 9.29 ਰੁਪਏ ਕਰ ਦਿੱਤੀ ਹੈ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਅੰਮ੍ਰਿਤਸਰ ਪੁਲਿਸ ਨੇ 1000 ਤੋਂ ਵੱਧ ਚਾਈਨਾ ਡੋਰ ਦੇ ਗੱਟੂ ਕੀਤੇ ਬਰਾਮਦ



**ਅੰਮ੍ਰਿਤਸਰ।** ਅੰਮ੍ਰਿਤਸਰ ਦੇ ਸੈਂਟਰਲ ਇਲਾਕੇ ਦੇ ਵਿੱਚੋਂ ਹੁਣ ਤੱਕ ਪੁਲਿਸ ਨੇ 1000 ਤੋਂ ਵੱਧ ਚਾਈਨਾ ਡੋਰ ਦੇ ਗੱਟੂ ਬਰਾਮਦ ਕੀਤੇ ਹਨ। ਇਸ ਸਬੰਧੀ ਏਸੀਪੀ ਜਸਪਾਲ ਸਿੰਘ ਨੇ ਦੱਸਿਆ ਕਿ ਡਰੋਨ ਦੇ ਜਰੀਏ ਪਤੰਗਬਾਜ਼ੀ ਕਰਨ ਵਾਲੇ ਬੱਚਿਆਂ 'ਤੇ ਨਜ਼ਰ ਰੱਖੀ ਜਾ ਰਹੀ ਹੈ। ਉਹਨਾਂ ਕਿਹਾ ਕਿ ਜਿਹੜੇ ਬੱਚੇ ਚਾਈਨਾ ਡੋਰ ਨਾਲ ਪਤੰਗ ਉਡਾਉਂਦੇ ਹੋਏ ਨਜ਼ਰ ਆਉਂਦੇ ਹਨ ਉਹਨਾਂ ਦੀ ਮਦਦ ਦੇ ਨਾਲ ਇਹਨਾਂ ਡੋਰ ਵਿਕਰੇਤਾਵਾਂ ਤੱਕ ਪਹੁੰਚ ਕੀਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਚਾਈਨਾ ਡੋਰ ਦੀ ਵਿਕਰੀ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਹਨਾਂ ਸ਼ਹਿਰ ਵਾਸੀਆਂ, ਨੌਜਵਾਨਾਂ ਅਤੇ ਬੱਚਿਆਂ ਨੂੰ ਵੀ ਇਸ ਡੋਰ ਨੂੰ ਨਾ ਵਰਤਣ ਦੀ ਸਲਾਹ ਦਿੱਤੀ ਹੈ।

# ਨਵਾਂ ਸਾਲ ਮਨਾਉਣ ਗਏ ਸਨ 3 ਦੋਸਤ, ਹੋਟਲ ਦੇ ਬੰਦ ਕਮਰੇ 'ਚੋਂ ਮਿਲੀਆ ਤਿੰਨਾਂ ਦੀਆਂ ਲਾਸ਼ਾਂ

**ਜੰਮੂ।** ਸਾਲ ਦਾ ਪਹਿਲਾ ਦਿਨ ਭਾਰਤ ਸਮੇਤ ਪੂਰੀ ਦੁਨੀਆਂ ਵਿਚ ਮਨਾਇਆ ਗਿਆ ਹੈ। ਹਾਲਾਂਕਿ ਨਵੇਂ ਸਾਲ ਦੇ ਜਸ਼ਨਾਂ ਦੌਰਾਨ ਇਕ ਤੋਂ ਬਾਅਦ ਇਕ ਕਈ ਬੁਰੀਆਂ ਖ਼ਬਰਾਂ ਵੀ ਸਾਹਮਣੇ ਆ ਰਹੀਆਂ ਹਨ। ਅਜਿਹੀ ਹੀ ਇੱਕ ਖ਼ਬਰ ਜੰਮੂ-ਕਸ਼ਮੀਰ ਦੇ ਡੋਡਾ ਤੋਂ ਸਾਹਮਣੇ ਆਈ ਹੈ। ਡੋਡਾ ਦੇ ਭਦਰਵਾਹ ਵਿੱਚ ਬੁੱਧਵਾਰ ਸ਼ਾਮ ਨੂੰ ਇੱਕ ਗੈਸਟ ਹਾਊਸ ਵਿੱਚ ਤਿੰਨ ਨੌਜਵਾਨਾਂ ਦੀਆਂ ਲਾਸ਼ਾਂ ਮਿਲੀਆਂ। ਜਾਣਕਾਰੀ ਮੁਤਾਬਕ ਤਿੰਨੇ ਨੌਜਵਾਨ ਜੰਮੂ-ਕਸ਼ਮੀਰ ਦੇ ਭੱਦਰਵਾਹ 'ਚ ਨਵਾਂ ਸਾਲ ਮਨਾਉਣ ਆਏ ਸਨ। ਇਸ ਘਟਨਾ ਸਬੰਧੀ ਜਾਣਕਾਰੀ ਦਿੰਦਿਆਂ ਪੁਲਿਸ ਨੇ ਦੱਸਿਆ ਕਿ ਮ੍ਰਿਤਕਾਂ ਦੀ ਪਹਿਚਾਣ ਮੁਕੇਸ਼ ਸਿੰਘ, ਆਸ਼ੂਤੋਸ਼ ਸਿੰਘ ਅਤੇ ਸੰਨੀ ਚੌਧਰੀ ਵਾਸੀ ਜੰਮੂ ਵਜੋਂ ਹੋਈ ਹੈ। ਤਿੰਨੇ ਨਵੇਂ ਸਾਲ ਦਾ ਜਸ਼ਨ ਮਨਾਉਣ ਲਈ ਭੱਦਰਵਾਹ ਆਏ ਸਨ। ਦਰਅਸਲ, ਪੁਲਿਸ ਉਸ ਸਮੇਂ ਚੌਕਸ ਹੋ ਗਈ ਜਦੋਂ ਇੱਕ ਮ੍ਰਿਤਕ ਨੇ ਆਪਣੇ ਪਰਿਵਾਰ ਦੇ ਵਾਰ-ਵਾਰ ਫ਼ੋਨ ਕਰਨ 'ਤੇ ਵੀ ਕੋਈ ਜਵਾਬ ਨਹੀਂ ਦਿੱਤਾ। ਇਸ ਤੋਂ ਬਾਅਦ ਇਹ ਘਟਨਾ ਸਾਹਮਣੇ ਆਈ।



ਡੋਡਾ ਦੇ ਐਸਐਸਪੀ ਸੰਦੀਪ ਮਹਿਤਾ ਨੇ ਇਸ ਸਾਰੀ ਘਟਨਾ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਨੇ ਦੱਸਿਆ ਕਿ ਸਾਨੂੰ ਜੰਮੂ ਤੋਂ ਫ਼ੋਨ ਆਇਆ ਕਿ ਆਸ਼ੂਤੋਸ਼ ਨਾਂ ਦਾ ਨੌਜਵਾਨ ਆਪਣੇ ਦੋ ਦੋਸਤਾਂ ਨਾਲ ਨਵਾਂ ਸਾਲ ਮਨਾਉਣ ਲਈ ਭਦਰਵਾਹ ਆਇਆ ਹੈ। ਉਹ ਫ਼ੋਨ ਕਾਲਾਂ ਦਾ ਜਵਾਬ ਨਹੀਂ ਦੇ ਰਿਹਾ ਹੈ। ਸਾਡੀ ਟੀਮ ਨੇ ਉਨ੍ਹਾਂ ਦਾ ਪਤਾ ਲਗਾਇਆ ਅਤੇ ਉਹ ਇੱਕ ਹੋਟਲ ਦੇ ਕਮਰੇ ਵਿੱਚ ਸਨ। ਜਦੋਂ ਟੀਮ ਕਮਰੇ ਵਿੱਚ ਦਾਖ਼ਲ ਹੋਣ ਵਿੱਚ ਕਾਮਯਾਬ ਹੋਈ ਤਾਂ ਤਿੰਨੇ ਨੌਜਵਾਨ ਬੇਹੋਸ਼ ਪਾਏ ਗਏ। ਪੁਲਿਸ ਨੇ ਕਿਹਾ ਹੈ ਕਿ ਫੋਰੈਂਸਿਕ ਟੀਮ ਨੇ ਮੌਕੇ 'ਤੇ ਪਹੁੰਚ ਕੇ ਬੇਹੋਸ਼ ਹੋਏ ਤਿੰਨ ਨੌਜਵਾਨਾਂ ਦੀ ਜਾਂਚ ਕੀਤੀ। ਇਸ ਤੋਂ ਬਾਅਦ ਡਾਕਟਰਾਂ ਦੀ ਟੀਮ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਐਸਐਸਪੀ ਸੰਦੀਪ ਮਹਿਤਾ ਨੇ ਕਿਹਾ ਹੈ ਕਿ ਨੌਜਵਾਨਾਂ ਦੀ ਮੌਤ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਰਸਮੀ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਸਾਰੇ ਪਹਿਲੂਆਂ ਦੀ ਜਾਂਚ ਕਰ ਰਹੀ ਹੈ ਅਤੇ ਸ਼ੁਰੂਆਤੀ ਕਾਰਨ ਦਮ ਘੁਟਣਾ ਜਾਪਦਾ ਹੈ। ਪੁਲਿਸ ਨੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਪੰਜਾਬ 'ਚ ਠੰਢ ਨੇ ਛੇੜਿਆ ਕਾਂਬਾ, ਸੀਤ ਲਹਿਰ ਚੱਲਣ ਦੀ ਚੇਤਾਵਨੀ ਜਾਰੀ

**ਚੰਡੀਗੜ੍ਹ।** ਅੱਜ ਇੱਕ ਵਾਰ ਫਿਰ ਮੌਸਮ ਵਿਭਾਗ ਨੇ ਪੰਜਾਬ-ਚੰਡੀਗੜ੍ਹ ਵਿੱਚ ਸੀਤ ਲਹਿਰ ਨੂੰ ਲੈ ਕੇ ਅਲਰਟ ਜਾਰੀ ਕੀਤਾ ਹੈ। ਕੁਝ ਦਿਨਾਂ ਤੋਂ ਧੁੱਪ ਨਾ ਨਿਕਲਣ ਕਾਰਨ ਪੂਰੇ ਸੂਬੇ ਦਾ ਦਿਨ ਦਾ ਤਾਪਮਾਨ ਅਜੇ ਵੀ ਆਮ ਨਾਲੋਂ 1.8 ਡਿਗਰੀ ਘੱਟ ਹੈ। ਪਰ ਆਉਣ ਵਾਲੇ ਦੋ ਦਿਨ ਰਾਹਤ ਦੇਣ ਵਾਲੇ ਹਨ। ਪਰ 4 ਜਨਵਰੀ ਤੋਂ ਮੌਸਮ ਇੱਕ ਵਾਰ ਫਿਰ ਬਦਲ ਜਾਵੇਗਾ ਅਤੇ ਸੂਬੇ ਵਿੱਚ ਮੁੜ ਮੀਂਹ ਪੈਣ ਦੀ ਸੰਭਾਵਨਾ ਹੈ। ਮੌਸਮ ਵਿਭਾਗ ਮੁਤਾਬਕ ਚੰਡੀਗੜ੍ਹ 'ਚ ਹਾਲਾਤ ਆਮ ਵਾਂਗ ਹੋਣ ਜਾ ਰਹੇ ਹਨ ਅਤੇ ਇੱਥੇ ਮੌਸਮ ਆਮ ਵਾਂਗ ਰਹੇਗਾ। ਪੰਜਾਬ ਦੇ ਫ਼ਿਰੋਜ਼ਪੁਰ, ਫ਼ਾਜ਼ਿਲਕਾ, ਫ਼ਰੀਦਕੋਟ, ਮੁਕਤਸਰ ਸਾਹਿਬ, ਮੋਗਾ, ਬਠਿੰਡਾ, ਬਰਨਾਲਾ ਅਤੇ ਮਾਨਸਾ ਵਿੱਚ ਸੀਤ ਲਹਿਰ ਨੂੰ ਲੈ ਕੇ ਅਲਰਟ ਜਾਰੀ ਕੀਤਾ ਗਿਆ ਹੈ। ਬਾਕੀ ਜ਼ਿਲ੍ਹਿਆਂ ਵਿੱਚ ਸਥਿਤੀ ਆਮ ਵਾਂਗ ਰਹੇਗੀ ਅਤੇ ਮੌਸਮ ਵਿਭਾਗ ਨੇ ਕਿਸੇ ਹੋਰ ਜ਼ਿਲ੍ਹੇ ਲਈ ਕੋਈ ਚਿਤਾਵਨੀ ਜਾਰੀ ਨਹੀਂ ਕੀਤੀ ਹੈ। ਇੱਕ ਹੋਰ ਪੱਛਮੀ ਗੜਬੜ 4 ਜਨਵਰੀ ਨੂੰ ਸਰਗਰਮ ਹੋ ਰਹੀ ਹੈ। ਇਸ ਦਾ ਅਸਰ ਪੱਛਮੀ ਹਿਮਾਲਿਆ ਦੀਆਂ ਪਹਾੜੀਆਂ 'ਤੇ ਹੀ ਨਹੀਂ ਸਗੋਂ ਮੈਦਾਨੀ ਇਲਾਕਿਆਂ 'ਚ ਵੀ ਦੇਖਣ ਨੂੰ ਮਿਲੇਗਾ। 4 ਜਨਵਰੀ ਨੂੰ ਪੰਜਾਬ ਦੇ ਅੰਮ੍ਰਿਤਸਰ, ਪਠਾਨਕੋਟ, ਗੁਰਦਾਸਪੁਰ, ਤਰਨਤਾਰਨ ਅਤੇ ਹੁਸ਼ਿਆਰਪੁਰ ਵਿੱਚ ਹਲਕੀ ਬਾਰਿਸ਼ ਹੋਣ ਦੀ ਸੰਭਾਵਨਾ ਹੈ। ਇਸ ਦੇ ਨਾਲ ਹੀ 5-6 ਜਨਵਰੀ ਨੂੰ ਪੰਜਾਬ ਦੇ ਜ਼ਿਆਦਾਤਰ ਇਲਾਕਿਆਂ 'ਚ ਮੀਂਹ ਪੈਣ ਦੀ ਸੰਭਾਵਨਾ ਹੈ। ਜੇਕਰ ਇਹ ਪੱਛਮੀ ਗੜਬੜੀ ਜ਼ੋਰ ਫੜਦੀ ਹੈ ਤਾਂ ਇਹ ਸਾਲ ਦੀ ਪਹਿਲੀ ਬਾਰਿਸ਼ ਹੋਵੇਗੀ। ਇਸ ਦੇ ਨਾਲ ਹੀ ਦਸੰਬਰ ਮਹੀਨੇ ਵਿੱਚ ਪੰਜਾਬ ਵਿੱਚ ਆਮ ਨਾਲੋਂ 126 ਫੀਸਦੀ ਵੱਧ ਮੀਂਹ ਪਿਆ ਹੈ। ਆਮ ਤੌਰ 'ਤੇ ਦਸੰਬਰ ਦੇ ਮਹੀਨੇ 10.9 ਮਿਲੀਮੀਟਰ ਬਾਰਿਸ਼ ਹੁੰਦੀ ਹੈ ਪਰ ਇਸ ਸਾਲ ਹੁਣ ਤੱਕ 24.7 ਮਿਲੀਮੀਟਰ ਬਾਰਿਸ਼ ਹੋ ਚੁੱਕੀ ਹੈ। ਪੰਜਾਬ ਵਿੱਚ 34 ਲੱਖ ਹੈਕਟੇਅਰ ਰਕਬੇ ਵਿੱਚ ਕਣਕ ਦੀ ਬਿਜਾਈ ਹੋਈ ਹੈ। ਦਸੰਬਰ 'ਚ ਹੋਈ ਬਾਰਿਸ਼ ਤੋਂ ਬਾਅਦ ਕਿਸਾਨ ਕਾਫੀ ਖੁਸ਼ ਹਨ।

SHAM LAL CHANDER ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਸਰਕਾਰ ਦਿਆਂ ਆਦੇਸ਼ਾਂ ਦੀਆਂ ਧੱਜੀਆਂ ਉਡਾ ਰਹੇ ਕਈ ਪ੍ਰਾਈਵੇਟ ਸਕੂਲ

ਵੈਸੇ ਤਾਂ ਇਹ ਆਮ ਹੀ ਦੇਖਿਆ ਜਾਂਦਾ ਹੈ ਕਿ ਸਾਡੇ ਦੇਸ਼ ਵਿੱਚ ਕਾਨੂੰਨ ਦੀ ਗੱਲ ਕੋਈ ਬਹੁਤੀ ਸੁਣੀ ਨਹੀਂ ਜਾਂਦੀ ਤੇ ਨਾ ਹੀ ਸਰਕਾਰ ਦੇ ਆਦੇਸ਼ਾਂ ਦੀ ਪਾਲਣਾ ਚੰਗੀ ਤਰ੍ਹਾਂ ਹੁੰਦੀ ਹੈ। ਜੇ ਉਦਾਹਰਨ ਦੀ ਗੱਲ ਕਰੀਏ ਤਾਂ ਅੱਜਕਲ੍ਹ ਸਕੂਲਾਂ ਵਿੱਚ ਸਰਦੀਆਂ ਦੀਆਂ ਛੁੱਟੀਆਂ ਚੱਲ ਰਹੀਆਂ ਹਨ। ਪਰ ਬਹੁਤੇ ਸਕੂਲ ਇਸ ਗੱਲ ਨੂੰ ਅਣਗੌਲਿਆ ਕਰਕੇ ਸਕੂਲ ਖੋਲੀ ਬੈਠੇ ਹਨ। ਕਈ ਤਾਂ ਸਿਰਫ਼ ਅਧਿਆਪਕਾਂ ਨੂੰ ਬੁਲਾ ਕੇ ਬੇਮਤਲਬ ਦੇ ਕੰਮਾਂ ਵਿੱਚ ਲਾਈ ਰੱਖਦੇ ਹਨ ਤੇ ਕਈ ਤਾਂ ਬੱਚਿਆਂ ਨੂੰ ਵੀ ਬੁਲਾ ਰਹੇ ਹਨ। ਇਹਨਾਂ ਵਿੱਚ ਲੁਧਿਆਣੇ ਦੇ ਮੋਹਨ ਦਾਈ ਓਸਵਾਲ ਸਕੂਲ, ਹਰਕ੍ਰਿਸ਼ਨ ਸਕੂਲ,ਆਤਮਾ ਸਿੰਘ ਸਕੂਲ ਅਤੇ ਹੋਰ ਵੀ ਕਈ ਸਕੂਲ ਹਨ।ਇੱਕ ਹੋਰ ਗੱਲ ਵਰਨਣਯੋਗ ਹੈ ਕਿ ਇਹ ਸਕੂਲ ਅਧਿਆਪਕਾਂ ਨੂੰ ਨਿਗੂਣੀਆਂ ਤਨਖ਼ਾਹਾਂ ਦੇ ਕੇ ਇੰਝ ਵਿਹਾਰ ਕਰਦੇ ਹਨ ਜਿਵੇਂ ਕਿ ਉਹਨਾਂ ਨੂੰ ਖਰੀਦ ਹੀ ਲਿਆ ਹੋਵੇ। ਇਹਨਾਂ ਦੇ ਰਜਿਸਟਰਾਂ ਵਿੱਚ ਕੁਝ ਹੋਰ ਹੁੰਦਾ ਹੈ ਤੇ ਅਸਲੀਅਤ ਵਿੱਚ ਕੁਝ ਹੋਰ ਹੁੰਦਾ ਹੈ। ਪੰਜਾਬ ਸਰਕਾਰ ਕਹਿੰਦੀ ਹੈ ਕਿ ਸਾਡਾ ਸਿੱਖਿਆ ਦਾ ਆਧਾਰ ਬਹੁਤ ਉੱਪਰ ਹੈ ਫਿਰ ਇਹ ਆਧਾਰ ਵਿਗੜਿਆ ਹੋਇਆ ਨਹੀਂ ਇਹ ਵੀ ਪੰਜਾਬ ਸਰਕਾਰ ਦੇ ਅਧੀਨ ਹੀ ਆਉਂਦਾ ਹੈ। ਕੀ ਪੰਜਾਬ ਸਰਕਾਰ ਦੇ ਨੇਤਾ ਤੇ ਅਧਿਕਾਰੀ ਇਕੱਲਾ ਸਰਕਾਰੀ ਸਕੂਲਾਂ ਨੂੰ ਵੇਖਦੇ ਹਨ ਸੰਵਿਧਾਨ ਦੇ ਕਾਨੂੰਨ ਅਨੁਸਾਰ ਜਿਸ ਵੀ ਰਾਜ ਵਿੱਚ ਜਿੰਨੇ ਵੀ ਸਕੂਲ ਹੁੰਦੇ ਹਨ ਉਹ ਸਾਰੇ ਸਬੰਧਤ ਸਰਕਾਰ ਦੇ ਕਾਨੂੰਨਾਂ ਤਹਿਤ ਕੰਮ ਕਰਦੇ ਹਨ ਇਧਰ ਕੌਣ ਝਾਤੀ ਮਾਰੇਗਾ? ਮੇਰੇ ਲੇਖ ਵਿੱਚ ਇਹ ਸਿਰਫ ਲੁਧਿਆਣੇ ਦੇ ਕੁਝ ਸਕੂਲਾਂ ਦਾ ਵਰਣਨ ਕੀਤਾ ਗਿਆ ਹੈ ਹੈ ਪਰ ਪੰਜਾਬ ਸਰਕਾਰ ਲਈ ਇੱਕ ਇਹ ਉਦਾਹਰਣ ਹੈ ਪੰਜਾਬ ਚ ਜਿੰਨੇ ਵੀ ਪ੍ਰਾਈਵੇਟ ਸਕੂਲ ਹਨ ਸਾਰਿਆਂ ਨੂੰ ਸਮੇਂ ਸਮੇਂ ਤੇ ਜਾ ਕੇ ਵੇਖਣਾ ਚਾਹੀਦਾ ਹੈ ਕਿ ਉਹ ਪੰਜਾਬ ਸਰਕਾਰ ਦੇ ਸਕੂਲਾਂ ਦੇ ਕਾਨੂੰਨਾਂ ਦੀ ਉਲੰਘਣਾ ਤਾਂ ਨਹੀਂ ਕਰ ਰਹੇ। ਮੈਨੂੰ ਲਗਦਾ ਹੈ ਕਿ ਸਰਕਾਰ ਨੂੰ ਇਹਨਾਂ ਪ੍ਰਾਈਵੇਟ ਸਕੂਲਾਂ ਤੇ ਥੋੜ੍ਹਾ ਧਿਆਨ ਦੇਣਾ ਚਾਹੀਦਾ ਹੈ ਤੇ ਠੰਡ ਅਤੇ ਗਰਮੀ ਦੀਆਂ ਛੁੱਟੀਆਂ ਜਾਂ ਹੋਰ ਸਰਕਾਰੀ ਛੁੱਟੀਆਂ ਲਾਜ਼ਮੀ ਕਰਨੀਆਂ ਚਾਹੀਦੀਆਂ ਹਨ। ਜੇਕਰ ਇਹ ਸਕੂਲ ਸਰਕਾਰ ਦੇ ਆਦੇਸ਼ਾਂ ਦੀ ਪਾਲਣਾ ਨਹੀਂ ਕਰਦੇ ਤਾਂ ਇਹਨਾਂ ਤੇ ਕਾਰਵਾਈ ਹੋਣੀ ਚਾਹੀਦੀ ਹੈ।



**ਰਮੇਸ਼ਵਰ ਸਿੰਘ**
**ਸੰਪਰਕ ਨੰਬਰ-**
**9914880392**

# ਸਿਵਲ ਸਰਜਨ ਮਾਨਸਾ ਵੱਲੋਂ ਜਥੇਬੰਦੀ ਦੀ ਨਵੇਂ ਸਾਲ ਦੀ ਡਾਇਰੀ ਰਿਲੀਜ਼



**ਸਿਵਲ ਸਰਜਨ ਦਫ਼ਤਰ ਮਾਨਸਾ ਵਿਖੇ ਡਾਇਰੀ ਰਿਲੀਜ਼ ਕਰਨ ਮੌਕੇ ਸਿਵਲ ਸਰਜਨ ਡਾ ਰਣਜੀਤ ਸਿੰਘ ਰਾਏ ਅਤੇ ਹੋਰ ਸਿਹਤ ਕਰਮਚਾਰੀ।**

**ਮਾਨਸਾ ( ਚਾਨਣ ਦੀਪ ਸਿੰਘ ਔਲਖ)–** ਮਲਟੀਪਰਪਜ਼ ਹੈਲਥ ਇੰਪਲਾਈਜ਼ ਯੂਨੀਅਨ ਜ਼ਿਲ੍ਹਾ ਮਾਨਸਾ ਵੱਲੋਂ ਅੱਜ ਸਿਵਲ ਸਰਜਨ ਦਫ਼ਤਰ ਮਾਨਸਾ ਵਿਖੇ ਇੱਕ ਇਕੱਤਰਤਾ ਕੀਤੀ ਗਈ। ਇਸ ਇਕੱਤਰਤਾ ਵਿੱਚ ਸਿਹਤ ਕਰਮਚਾਰੀਆਂ ਨੂੰ ਪੇਸ਼ ਆਉਣ ਵਾਲੀਆਂ ਮੁਸ਼ਕਿਲਾਂ ਬਾਰੇ ਵਿਚਾਰ ਚਰਚਾ ਕੀਤੀ ਗਈ। ਇਸ ਉਪਰੰਤ ਜਥੇਬੰਦੀ ਵੱਲੋਂ ਤਿਆਰ ਕਰਵਾਈ ਗਈ ਨਵੇਂ ਸਾਲ ਦੀ ਡਾਇਰੀ ਮਾਣਯੋਗ ਸਿਵਲ ਸਰਜਨ ਮਾਨਸਾ ਡਾ. ਰਣਜੀਤ ਸਿੰਘ ਰਾਏ ਤੋਂ ਰਿਲੀਜ਼ ਕਰਵਾਈ ਗਈ। ਬਲਾਕ ਪ੍ਰਧਾਨ ਮਲਕੀਤ ਸਿੰਘ ਅਤੇ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਇਸ ਡਾਇਰੀ ਵਿਚ ਸਿਹਤ ਵਿਭਾਗ ਨਾਲ ਸਬੰਧਤ ਪ੍ਰਮੁੱਖ ਦਿਨਾਂ ਨੂੰ ਪ੍ਰਕਾਸ਼ਿਤ ਕੀਤਾ ਗਿਆ ਹੈ। ਡਾਇਰੀ ਦੇ ਪਹਿਲੇ ਪੰਨਿਆਂ ਤੇ ਮਲਟੀਪਰਪਜ਼ ਨਾਲ ਸਬੰਧਤ ਕੰਮਾਂ ਨੂੰ ਥਾਂ ਦਿੱਤੀ ਗਈ ਹੈ, ਜਿਸ ਵਿਚ ਮਲੇਰੀਆ, ਡੇਂਗੂ, ਚਿਕਨਗੁਨੀਆਂ ਤੋਂ ਹੋਣ ਵਾਲੀਆਂ ਬਿਮਾਰੀਆਂ ਅਤੇ ਬਚਾਅ ਸਬੰਧੀ ਵੀ ਜਾਣਕਾਰੀ ਦਿੱਤੀ ਗਈ ਹੈ। ਡਾਇਰੀ ਨੂੰ ਹੋਰ ਵੀ ਸਾਰਥਕ ਬਣਾਉਣ ਲਈ ਇਸ ਰਾਹੀਂ ਸਾਫ ਸਫਾਈ, ਪੌਸ਼ਟਿਕ ਆਹਾਰ ਅਤੇ ਸਿਹਤ ਵਿਭਾਗ ਨਾਲ ਸਬੰਧਿਤ ਹੋਰ ਵੀ ਅਹਿਮ ਜਾਣਕਾਰੀਆਂ ਦਿੱਤੀਆਂ ਗਈਆਂ ਹਨ। ਇਸ ਮੌਕੇ ਜਥੇਬੰਦੀ ਦੇ ਆਗੂ ਨਿਰਮਲ ਸਿੰਘ ਕਣਕਵਾਲੀਆ ਨੇ ਦੱਸਿਆ ਕਿ ਜੱਥੇਬੰਦੀ ਵਲੋਂ ਪਿਛਲੇ ਲੰਬੇ ਸਮੇਂ ਤੋਂ ਆਪਣੀਆਂ ਮੰਗਾਂ ਸਬੰਧੀ ਸੰਘਰਸ਼ ਕੀਤਾ ਜਾ ਰਿਹਾ ਹੈ ਅਤੇ ਭਵਿੱਖ ਵਿਚ ਵੀ ਸੰਘਰਸ਼ ਜਾਰੀ ਰਹੇਗਾ। ਇਸ ਮੌਕੇ ਰਾਮ ਕੁਮਾਰ, ਸੰਜੀਵ ਕੁਮਾਰ, ਪ੍ਰਤਾਪ ਸਿੰਘ, ਸੰਦੀਪ ਸਿੰਘ, ਅਵਤਾਰ ਸਿੰਘ, ਗੁਰਿੰਦਰਜੀਤ, ਬਲਜੀਤ ਸਿੰਘ ਆਦਿ ਵੀ ਹਾਜ਼ਰ ਸਨ।

# ਧੀਰ ਫਿਜ਼ੀਓਥਰੈਪੀ ਹਸਪਤਾਲ ਵੱਲੋਂ ਮੁਫ਼ਤ ਮੈਡੀਕਲ ਕੈਂਪ ਅੱਜ ਤੋਂ

## ਕੈਂਪ ਦੌਰਾਨ ਇਲਾਜ ਤੇ ਦਵਾਈਆਂ ਮੁਫ਼ਤ ਦਿੱਤੀਆਂ ਜਾਣਗੀਆਂ – ਡਾ ਦੀਪਕ ਧੀਰ

**ਕਪੂਰਥਲਾ, (ਕੌੜਾ)–** ਧੀਰ ਫਿਜ਼ੀਓਥਰੈਪੀ ਹਸਪਤਾਲ ਸੁਲਤਾਨਪੁਰ ਲੋਧੀ ਵੱਲੋਂ 3 ਜਨਵਰੀ ਤੋਂ 10 ਜਨਵਰੀ ਤੱਕ ਮੁਫ਼ਤ ਮੈਡੀਕਲ ਕੈਂਪ ਲਗਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਾ ਦੀਪਕ ਧੀਰ ਨੇ ਦੱਸਿਆ ਕਿ ਇਹ ਮੈਡੀਕਲ ਕੈਂਪ ਧੀਰ ਫਿਜ਼ੀਓਥਰੈਪੀ ਹਸਪਤਾਲ ਚੌਂਕ ਚੇਲਿਆਂ ਸੁਲਤਾਨਪੁਰ ਲੋਧੀ ਵਿਖੇ ਲਗਾਇਆ



ਜਾਵੇਗਾ। ਉਹਨਾਂ ਦੱਸਿਆ ਕਿ ਇਸ ਮੈਡੀਕਲ ਕੈਂਪ ਵਿੱਚ ਮਰੀਜ਼ਾਂ ਦਾ ਮੁਫ਼ਤ ਚੈੱਕਅਪ ਤੇ ਮੁਫ਼ਤ ਦਵਾਈਆਂ ਦਿੱਤੀਆਂ ਜਾਣਗੀਆਂ। ਇਸ ਤੋਂ ਇਲਾਵਾ ਇਸ ਦੌਰਾਨ ਧੀਰ ਫਿਜ਼ੀਓਥਰੈਪੀ ਹਸਪਤਾਲ ਵੱਲੋਂ ਮਰੀਜ਼ਾਂ ਦਾ ਇੱਕ ਮੈਡੀਕਲ ਕਾਰਡ ਵੀ ਬਣਾਇਆ ਜਾਵੇਗਾ । ਜਿਸ ਤੇ ਮਰੀਜ਼ ਅਗਲੇ 30 ਦਿਨ ਇਲਾਜ, ਦਵਾਈਆਂ ਤੇ ਲੈਬ ਟੈਸਟ ਅੱਧੇ ਰੇਟ ਤੇ ਕਰਵਾ ਸਕਦੇ ਹਨ। ਉਹਨਾਂ ਇਲਾਕੇ ਦੇ ਲੋਕਾਂ ਨੂੰ ਇਸ ਮੈਡੀਕਲ ਕੈਂਪ ਦਾ ਵੱਧ ਤੋਂ ਵੱਧ ਲਾਭ ਉਠਾਉਣ ਦੀ ਅਪੀਲ ਕੀਤੀ।

for more news visit:
www.samajweekly.com

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਸਰਕਾਰੀ ਬੱਸਾਂ 'ਚ ਸਫ਼ਰ ਕਰਨ ਵਾਲਿਆਂ ਲਈ ਵੱਡੀ ਖ਼ਬਰ, 6,7 ਅਤੇ 8 ਜਨਵਰੀ ਨੂੰ PRTC ਅਤੇ ਪਨਬਸ ਬੱਸਾਂ ਨਹੀਂ ਚੱਲਣਗੀਆਂ

## 3 ਦਿਨਾਂ ਲਈ ਸਰਕਾਰੀ ਬੱਸਾਂ ਦਾ ਰਹੇਗਾ ਚੱਕਾ ਜਾਮ,ਠੇਕਾ ਮੁਲਾਜ਼ਮ ਯੂਨੀਅਨ ਮੰਗਾਂ ਨੂੰ ਲੈ ਕੇ ਮੁੱਖ ਮੰਤਰੀ ਦੀ ਰਿਹਾਇਸ਼ ਅੱਗੇ ਧਰਨਾ ਦੇਣ ਦਾ ਐਲਾਨ

**ਚੰਡੀਗੜ੍ਹ।** ਸਰਕਾਰੀ ਬੱਸਾਂ 'ਚ ਸਫ਼ਰ ਕਰਨ ਵਾਲਿਆਂ ਲਈ ਵੱਡੀ ਖ਼ਬਰ ਹੈ। ਪੰਜਾਬ ਠੇਕਾ ਮੁਲਾਜ਼ਮ ਯੂਨੀਅਨ ਵਲੋਂ 6, 7 ਅਤੇ 8 ਜਨਵਰੀ ਪੰਜਾਬ ਵਿਚ ਚੱਕਾ ਜਾਮ ਕੀਤਾ ਜਾ ਰਿਹਾ ਹੈ। ਇਸ ਦੌਰਾਨ ਕਿਤੇ ਘੁੰਮਣ ਲਈ ਸਰਕਾਰੀ ਬੱਸਾਂ ਵਿਚ ਸਫ਼ਰ ਕਰਨ ਦਾ ਪਲਾਨ ਬਣਾ ਰਹੇ ਹੋ ਤਾਂ ਇਹ ਖ਼ਬਰ ਤੁਹਾਡੇ ਲਈ ਅਹਿਮ ਹੋਵੇਗੀ।

ਦਰਅਸਲ ਸੂਬੇ ਵਿਚ 3 ਦਿਨਾਂ ਲਈ 6, 7 ਅਤੇ 8 ਜਨਵਰੀ ਨੂੰ ਸੂਬੇ ਵਿਚ ਪੀ. ਆਰ. ਟੀ. ਸੀ. ਅਤੇ ਪਨਬਸ ਬੱਸਾਂ ਨਹੀਂ ਚੱਲਣਗੀਆਂ। ਆਪਣੀ ਮੰਗਾਂ ਨੂੰ ਲੈ ਕੇ ਪੀ. ਆਰ. ਟੀ. ਸੀ. ਅਤੇ ਪਨਬਸ ਮੁਲਾਜ਼ਮ ਯੂਨੀਅਨ ਨੇ ਚੰਡੀਗੜ੍ਹ ਵਿਖੇ ਮੁੱਖ ਮੰਤਰੀ ਦੀ ਰਿਹਾਇਸ਼ ਸਾਹਮਣੇ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਹੈ। ਇਸ ਕਰਕੇ6, 7 ਅਤੇ 8 ਜਨਵਰੀ ਨੂੰ ਸਰਕਾਰੀ ਬੱਸਾਂ ਵਿਚ ਸਫ਼ਰ ਕਰਨ ਵਾਲਿਆਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਜ਼ਿਕਰਯੋਗ ਹੈ ਕਿ ਮੰਗਾਂ ਨੂੰ ਲੈ ਕੇ ਸੰਘਰਸ਼ ਕਰ ਰਹੀ ਪਨਬਸ-ਪੀ. ਆਰ. ਟੀ. ਸੀ. ਠੇਕਾ ਮੁਲਾਜ਼ਮ ਯੂਨੀਅਨ ਵੱਲੋਂ ਬੀਤੇ ਮਹੀਨੇ ਪੰਜਾਬ ਭਰ ਵਿਚ ਮੰਤਰੀਆਂ ਨੂੰ ਮੰਗ-ਪੱਤਰ ਸੌਂਪ ਕੇ ਠੇਕਾ ਮੁਲਾਜ਼ਮਾਂ ਨੂੰ ਪੱਕਾ ਕਰਨ ਦੀ ਮੰਗ ਪ੍ਰਮੁੱਖਤਾ ਨਾਲ ਉਠਾਈ ਗਈ ਸੀ। ਇਸੇ ਲੜੀ ਤਹਿਤ ਬੀਤੇ ਮਹੀਨੇ ਜਲੰਧਰ ਡਿਪੂ 1 ਅਤੇ 2 ਦੇ ਮੁਲਾਜ਼ਮਾਂ ਨੇ ਕੈਬਨਿਟ ਮੰਤਰੀ ਮਹਿੰਦਰਾ ਭਗਤ ਅਤੇ ਦੋਆਬੇ ਦੇ ਵੱਖ-ਵੱਖ ਵਿਧਾਇਕਾਂ ਨਾਲ ਉਨ੍ਹਾਂ ਦੀ ਰਿਹਾਇਸ਼ 'ਤੇ ਮੁਲਾਕਾਤ ਕੀਤੀ।

ਕੈਬਨਿਟ ਮੰਤਰੀ ਦੀ ਰਿਹਾਇਸ਼ 'ਤੇ ਪੁੱਜੇ ਵਫ਼ਦ ਦੀ ਅਗਵਾਈ ਪ੍ਰਧਾਨ ਬਿਕਰਮਜੀਤ ਸਿੰਘ, ਸਤਪਾਲ ਸਿੰਘ ਸੱਤਾ, ਜਸਬੀਰ ਸਿੰਘ, ਅਨੂਪ ਸਿੰਘ, ਸੁਖਵਿੰਦਰ




ਸਿੰਘ, ਸਤਨਾਮ ਸਿੰਘ ਅਤੇ ਸੀਨੀਅਰ ਆਗੂ ਚਾਨਣ ਸਿੰਘ ਚੰਨਾ ਨੇ ਕੀਤੀ ਸੀ। ਯੂਨੀਅਨ ਦੇ ਅਧਿਕਾਰੀਆਂ ਨੇ ਮਹਿੰਦਰਾ ਭਗਤ ਨੂੰ ਮੰਗ-ਪੱਤਰ ਸੌਂਪਿਆ ਅਤੇ ਯੂਨੀਅਨ ਦੀਆਂ ਮੰਗਾਂ ਬਾਰੇ ਜਾਣੂੰ ਕਰਵਾਇਆ ਸੀ। ਮੰਤਰੀਆਂ ਅਤੇ ਵਿਧਾਇਕਾਂ ਨੂੰ ਮੰਗ ਪੱਤਰ ਸੌਂਪਣ ਤੋਂ ਬਾਅਦ ਯੂਨੀਅਨ ਵੱਲੋਂ ਸਥਾਨਕ ਬੱਸ ਸਟੈਂਡ ਵਿਖੇ ਸੰਬੋਧਨ ਵੀ ਕੀਤਾ ਸੀ। ਬਿਕਰਮਜੀਤ ਸਿੰਘ, ਸਤਪਾਲ ਸਿੰਘ ਸੱਤਾ ਅਤੇ ਚੰਨਣ ਸਿੰਘ ਚੰਨਾ ਨੇ ਕਿਹਾ ਕਿ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ 'ਚ ਹੋ ਰਹੀ ਦੇਰੀ ਕਾਰਨ ਯੂਨੀਅਨ ਨੂੰ ਸੰਘਰਸ਼ ਦਾ ਬਿਗੁਲ ਵਜਾਉਣ ਲਈ ਮਜਬੂਰ ਹੋਣਾ ਪੈ ਰਿਹਾ ਹੈ।

ਇਸ ਮੌਕੇ ਚੰਨਣ ਸਿੰਘ ਨੇ ਕਿਹਾ ਕਿ ਮੰਗਾਂ ਨੂੰ ਲੈ ਕੇ ਚੱਲ ਰਹੀ ਦੇਰੀ ਅਤੇ ਵਿਭਾਗੀ ਨੀਤੀਆਂ ਉਨ੍ਹਾਂ ਨੂੰ ਪ੍ਰੇਸ਼ਾਨੀ ਵਿਚ ਪਾ ਰਹੀਆਂ ਹਨ। ਮੰਤਰੀਆਂ ਵੱਲੋਂ ਉਨ੍ਹਾਂ ਦੀਆਂ ਮੰਗਾਂ ਸਬੰਧੀ ਕੋਈ ਕਦਮ ਨਹੀਂ ਚੁੱਕਿਆ ਜਾ ਰਿਹਾ। ਅਧਿਕਾਰੀਆਂ ਨੇ ਕਈ ਵਾਰ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਕਰਨ ਦਾ ਭਰੋਸਾ ਦਿੱਤਾ ਪਰ ਸਭ ਕੁਝ ਟਾਲ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਜੇਕਰ ਤੁਰੰਤ ਕੋਈ ਹੱਲ ਨਾ ਕੱਢਿਆ ਗਿਆ ਤਾਂ ਉਹ ਵੱਡੇ ਪੱਧਰ 'ਤੇ ਸੰਘਰਸ਼ ਕਰਨ ਲਈ ਮਜਬੂਰ ਹੋਣਾ ਪਿਆ ਹੈ।

ਮੁੱਖ ਮੰਤਰੀ ਦੀ ਰਿਹਾਇਸ਼ ਦੇ ਬਾਹਰ ਰੋਸ ਪ੍ਰਦਰਸ਼ਨ ਕਰਕੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। 3 ਰੋਜ਼ਾ ਚੱਕਾ ਜਾਮ ਦੌਰਾਨ ਮੁਲਾਜ਼ਮਾਂ ਵੱਲੋਂ ਕੰਮ ਦਾ ਬਾਈਕਾਟ ਕੀਤਾ ਜਾਵੇਗਾ ਅਤੇ ਜ਼ਿਲ੍ਹਾ ਪੱਧਰ 'ਤੇ ਵੱਡੇ ਪ੍ਰਦਰਸ਼ਨ ਕੀਤੇ ਜਾਣਗੇ। ਤਿੰਨ ਰੋਜ਼ਾ ਧਰਨੇ ਦੌਰਾਨ ਸੀਨੀਅਰ ਮੰਤਰੀਆਂ ਦੇ ਪੁਤਲੇ ਫੂਕੇ ਜਾਣਗੇ।

ਸਤਪਾਲ ਸਿੰਘ ਨੇ ਕਿਹਾ ਕਿ ਪਹਿਲਾਂ ਸਮੇਂ ਦੌਰਾਨ ਕਈ ਵਾਰ ਆਗੂਆਂ ਨੂੰ ਪੱਤਰ ਭੇਜੇ ਗਏ ਸਨ ਪਰ ਕੋਈ ਹੁੰਗਾਰਾ ਨਹੀਂ ਮਿਲਿਆ। ਅਜਿਹਾ ਲੱਗਦਾ ਹੈ ਕਿ ਉਨ੍ਹਾਂ ਦੀਆਂ ਆਪਣੀਆਂ ਮੰਗਾਂ ਨੂੰ ਲੈ ਕੇ ਨੇਤਾ ਪਿੱਛੇ ਹਟ ਰਹੇ ਹਨ, ਜਿਸ ਨੂੰ ਕਿਸੇ ਵੀ ਹਾਲਤ ਵਿਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਮੌਕੇ ਵੱਡੀ ਗਿਣਤੀ ਵਿਚ ਡੀਪੂ 1-2 ਨਾਲ ਸਬੰਧਿਤ ਯੂਨੀਅਨ ਨੇਤਾ ਹਾਜ਼ਰ ਸਨ।

ਯੂਨੀਅਨ ਦੇ ਸੀਨੀਅਰ ਨੇਤਾਵਾਂ ਨੇ ਕਿਹਾ ਕਿ ਕੱਚੇ ਕਰਮਚਾਰੀਆਂ ਨੂੰ ਪੱਕਾ ਕਰਨ ਵਿਚ ਹੋ ਰਹੀ ਦੇਰੀ ਹੁਣ ਹੋਰ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਇਸ ਪ੍ਰਤੀ ਤੁਰੰਤ ਪ੍ਰਭਾਵ ਨਾਲ ਐਕਸ਼ਨ ਨਹੀਂ ਲਿਆ ਗਿਆ ਤਾਂ ਵਿਭਾਗ ਨੂੰ ਇਸ ਦਾ ਖਾਮਿਆਜ਼ਾ ਭੁਗਤਣਾ ਪਵੇਗਾ ਕਿਉਂਕਿ ਕੱਚੇ ਕਰਮਚਾਰੀਆਂ ਨੂੰ ਪੱਕਾ ਕਰਨ ਸਬੰਧੀ ਦਿੱਤੇ ਗਏ ਭਰੋਸੇ ਖੋਖਲੇ ਸਾਬਤ ਹੋ ਰਹੇ ਹਨ। ਵਿਭਾਗ ਵੱਲੋਂ ਕੱਚੇ ਕਰਮਚਾਰੀਆਂ ਨੂੰ ਪ੍ਰੇਸ਼ਾਨ ਕਰਨ ਲਈ ਕਈ ਤਰ੍ਹਾਂ ਦੇ ਹੱਥਕੰਡੇ ਅਪਨਾਏ ਜਾ ਰਹੇ ਹਨ, ਜਿਸ ਨਾਲ ਯੂਨੀਅਨ ਵਿਚ ਰੋਸ ਹੋਰ ਵੱਧਦਾ ਜਾ ਰਿਹਾ ਹੈ।

# ਇੱਕ ਅਧਿਆਪਕ ਦੇ ਘਰ ਚੋਰਾਂ ਦੁਆਰਾ ਕੀਮਤੀ ਸਮਾਨ ਤੇ ਨਕਦੀ ਚੋਰੀ

## ਨਜ਼ਦੀਕ ਲੱਗੇ ਸੀ ਸੀ ਟੀ ਵੀ ਕੈਮਰੇ ਵਿੱਚ ਰਾਤ ਸਮੇਂ ਦੋ ਸ਼ੱਕੀ ਮੋਟਰਸਾਈਕਲ ਸਵਾਰ ਘੁੰਮਦੇ ਦੇਖੇ ਗਏ

**ਕਪੂਰਥਲਾ, (ਕੌੜਾ)–** ਕਪੂਰਥਲਾ ਦੇ ਭੁਲਾਣਾ ਵਿੱਚ ਇੱਕ ਅਧਿਆਪਕ ਦੇ ਘਰ ਚੋਰਾਂ ਦੁਆਰਾ ਲੱਖਾਂ ਦਾ ਸਮਾਨ ਚੋਰੀ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ । ਹਾਲਾਂਕਿ ਘਰ ਦੇ ਨਜਦੀਕ ਲੱਗੇ ਸੀ ਸੀ ਟੀ ਵੀ ਕੈਮਰੇ ਵਿੱਚ ਸ਼ੱਕੀ ਮੋਟਰਸਾਈਕਲ ਸਵਾਰ ਵੀ ਕੈਦ ਹੋਏ ਹਨ । ਉੱਥੇ ਹੀ ਪੀੜਿਤ ਦੇ ਬਿਆਨਾਂ ਤੇ ਸਦਰ ਪੁਲਿਸ ਨੇ ਅਣਪਛਾਤੇ ਚੋਰਾਂ ਦੇ ਖਿਲਾਫ ਐਫ ਆਈ ਆਰ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਦੀ ਪੁਸ਼ਟੀ ਜਾਂਚ ਅਧਿਕਾਰੀ ਐਸ ਆਈ ਪੂਰਨ ਚੰਦ ਨੇ ਕਰਦੇ ਹੋਏ ਦੱਸਿਆ ਕਿ ਘਰ ਦੇ ਨਜ਼ਦੀਕ ਲੱਗੇ ਸੀਸੀਟੀਵੀ ਕੈਮਰੇ ਦੀ ਫੁਟੇਜ ਕਬਜੇ ਵਿੱਚ ਲੈ ਕੇ ਚੋਰਾਂ ਦੀ ਪਹਿਚਾਣ ਕੀਤੀ ਜਾ ਰਹੀ ਹੈ। ਪੁਲਿਸ ਨੂੰ ਮਿਲੀ ਜਾਣਕਾਰੀ ਅਨੁਸਾਰ ਰਮਨ ਕੁਮਾਰ ਪੁੱਤਰ ਜੋਗਿੰਦਰ ਪਾਲ ਨਿਵਾਸੀ



ਅੰਮ੍ਰਿਤਸਰ ਕਿਰਾਏਦਾਰ ਪਿੰਡ ਸੈਦੋ ਭੁਲਾਣਾ ਨੇ ਦੱਸਿਆ ਕਿ ਉਹ ਭੁਲਾਣਾ ਦੇ ਸਕੂਲ ਵਿੱਚ ਅਧਿਆਪਕ ਹੈ। 24 ਦਸੰਬਰ ਨੂੰ ਸਕੂਲ ਵਿੱਚ ਛੁੱਟੀਆਂ ਹੋਣ ਤੋਂ ਬਾਅਦ ਉਹ ਆਪਣੇ ਪਿੰਡ ਅੰਮ੍ਰਿਤਸਰ ਚਲਾ ਗਿਆ ਸੀ 29 ਦਸੰਬਰ ਦੀ ਸਵੇਰ ਜਦੋਂ ਗਵਾਂਢੀਆਂ ਦਾ ਉਸ ਨੂੰ ਫੋਨ ਆਇਆ ਕਿ ਉਸਦੇ ਘਰ ਤੇ ਤਾਲੇ ਟੁੱਟੇ ਹੋਏ ਹਨ। ਜਦੋਂ ਉਸਨੇ ਘਰ ਆ ਕੇ ਦੇਖਿਆ ਤਾਂ ਘਰ ਦਾ ਸਾਰਾ ਸਮਾਨ ਖਿੱਲਰਿਆ ਪਿਆ ਸੀ ।

ਸ਼ੁਰੂਆਤੀ ਜਾਂਚ ਵਿੱਚ ਘਰ ਵਿੱਚ ਸੈਮਸੰਗ ਦੀ ਐਲ ਈ ਡੀ ਟੀ ਵੀ ਇਨਵੈਟਰ ਸੈਂਟ ,ਕੋਟਪੈਂਟ, ਸੂਟ ਅਤੇ ਹਜ਼ਾਰਾਂ ਰੁਪਏ ਦੀ ਨਗਦੀ ਚੋਰੀ ਹੋਈ ਹੈ। ਅਣਪਛਾਤੇ ਚੋਰਾਂ ਦੀ ਗਤੀਵਿਧੀ ਨਜ਼ਦੀਕ ਲੱਗੇ ਸੀ ਸੀ ਕੀ ਵੀ ਕੈਮਰੇ ਵਿੱਚ ਕੈਦ ਹੋ ਗਈ ਹੈ। ਜਿਸ ਵਿੱਚ ਅੱਧੀ ਰਾਤ ਦੇ ਬਾਅਦ ਦੋ ਸ਼ੱਕੀ ਮੋਟਰਸਾਈਕਲ ਸਵਾਰ ਘੁੰਮਦੇ ਦਿਖਾਈ ਦਿੱਤੇ । ਭੁਲਾਣਾ ਚੌਂਕੀ ਦੇ ਇੰਚਾਰਜ ਪੂਰਨ ਚੰਦ ਨੇ ਦੱਸਿਆ ਕਿ ਸੀ ਸੀ ਟੀ ਵੀ ਫੁਟੇਜ ਦੇ ਅਧਾਰ ਤੇ ਆਣ ਪਛਾਤੇ ਚੋਰਾਂ ਖਿਲਾਫ ਐਫ ਆਈ ਆਰ ਦਰਜ ਕਰ ਲਈ ਗਈ ਹੈ।

# ਸਿਵਲ ਸਰਜਨ ਡਾ. ਪਵਨ ਕੁਮਾਰ ਸ਼ਗੋਤਰਾ ਨੇ ਕੀਤਾ ਵੱਖ-ਵੱਖ ਆਮ ਆਦਮੀ ਕਲੀਨਿਕਾਂ ਦਾ ਦੌਰਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸਿਵਲ ਸਰਜਨ ਹੁਸ਼ਿਆਰਪੁਰ ਡਾ ਪਵਨ ਕੁਮਾਰ ਸ਼ਗੋਤਰਾ ਵੱਲੋਂ ਜ਼ਿਲਾ ਹੁਸ਼ਿਆਰਪੁਰ ਦੇ ਆਮ ਆਦਮੀ ਕਲੀਨਿਕ ਜਨੌੜੀ, ਮਨਹੋਤਾ, ਬਰੂਹੀ ਅਤੇ ਤਲਵਾੜਾ ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਹਨਾਂ ਦੇ ਨਾਲ ਸ੍ਰੀ ਸਤਪਾਲ ਵੀ ਮੌਜੂਦ ਸਨ। ਸਿਵਲ ਸਰਜਨ ਵੱਲੋਂ ਵੱਖ-ਵੱਖ ਆਮ ਆਦਮੀ ਕਲੀਨਿਕਾਂ ਦੀ ਚੈਕਿੰਗ ਦੌਰਾਨ ਡਿਊਟੀ ਤੇ ਤਾਇਨਾਤ ਸਮੂਹ ਸਟਾਫ ਦੀ ਹਾਜ਼ਰੀ ਚੈਕ ਕੀਤੀ ਗਈ ਅਤੇ ਸਭ ਨੂੰ ਸਮੇਂ ਦੇ ਪਾਬੰਦ ਹੋਣ ਦੀ ਹਦਾਇਤ ਕੀਤੀ ਗਈ। ਉਹਨਾਂ ਵੱਲੋਂ ਰੋਜ਼ਾਨਾ ਕੀਤੀ ਜਾ ਰਹੀ ਓਪੀਡੀ, ਮਰੀਜ਼ਾਂ ਦਾ ਰਿਕਾਰਡ, ਦਵਾਈਆਂ ਦਾ ਸਟਾਕ ਅਤੇ ਸਾਫ ਸਫਾਈ ਦਾ ਵਿਸ਼ੇਸ਼ ਤੌਰ ਤੇ ਜਾਇਜ਼ਾ ਲਿਆ ਗਿਆ। ਡਾ ਸ਼ਗੋਤਰਾ ਨੇ ਸਟਾਫ ਨੂੰ



ਕੰਮਕਾਜ ਅਤੇ ਮਰੀਜਾਂ ਦਾ ਰਿਕਾਰਡ ਸਹੀ ਢੰਗ ਨਾਲ ਮੇਨਟੇਨ ਰੱਖਣ ਲਈ ਕਿਹਾ। ਉਹਨਾਂ ਫਾਰਮੇਸੀ ਸਟੋਰ ਦਾ ਜਾਇਜਾ ਲੈਂਦੇ ਹੋਏ ਮਰੀਜਾਂ ਲਈ ਜਰੂਰੀ ਦਵਾਈਆਂ ਦੀ ਉਪਲੱਬਧਤਾ ਯਕੀਨੀ ਬਣਾਉਣ ਲਈ ਆਖਿਆ ਤਾਂ ਜੋ ਮਰੀਜ਼ਾਂ ਨੂੰ ਕਿਸੇ ਕਿਸਮ ਦੀ ਪਰੇਸ਼ਾਨੀ ਨਾ ਹੋਵੇ ਅਤੇ ਸਰਕਾਰ ਵੱਲੋਂ ਲੋਕਾਂ ਨੂੰ ਦਿੱਤੀ ਜਾਣ ਵਾਲੀ ਹਰ ਬਣਦੀ ਸਹੂਲਤ ਦਿੱਤੀ ਜਾ ਸਕੇ। ਉਹਨਾਂ ਉੱਥੇ ਆਏ ਹੋਏ ਮਰੀਜ਼ਾਂ ਦਾ ਹਾਲ ਚਾਲ ਪੁੱਛਿਆ ਅਤੇ ਉਹਨਾਂ ਨੂੰ ਦਿੱਤੀਆਂ ਜਾਣ ਵਾਲੀਆਂ ਦਵਾਈਆਂ ਅਤੇ ਮਿਲ ਰਹੀਆਂ ਸਿਹਤ ਸਹੂਲਤਾਂ ਬਾਰੇ ਜਾਣਕਾਰੀ ਹਾਸਲ ਕੀਤੀ। ਉਹਨਾਂ ਸਟਾਫ ਨੂੰ ਬਾਇਓ ਮੈਡੀਕਲ ਵੇਸਟ ਦੇ ਨਿਪਟਾਰੇ ਲਈ ਨਿਯਮਾਂ ਦਾ ਪਾਲਣ ਕਰਨ ਦੀ ਹਦਾਇਤ ਕੀਤੀ। ਉਹਨਾਂ ਸਟਾਫ਼ ਨੂੰ ਆਮ ਲੋਕਾਂ ਨੂੰ ਬਿਹਤਰ ਸਿਹਤ ਸੇਵਾਵਾਂ ਦੇਣ ਅਤੇ ਮਰੀਜ਼ਾਂ ਪ੍ਰਤੀ ਪਿਆਰ ਵਾਲਾ ਰਵੱਈਆ ਅਪਨਾਉਣ ਲਈ ਕਿਹਾ।

# ਤਕਸ਼ਿਲਾ ਬੁੱਧ ਵਿਹਾਰ ਵਿਖੇ ਭੀਮਾ ਕੋਰੇਗਾਓ ਵਿਜੇ ਦਿਵਸ ਮਨਾਇਆ ਗਿਆ





**ਜਲੰਧਰ, (ਜੱਸਲ)–** ਅੱਜ ਤਕਸ਼ਿਲਾ ਬੁੱਧ ਵਿਹਾਰ ਕਾਦੀਆਂ ਵਿਖੇ 'ਭੀਮਾ ਕੋਰੇਗਾਓ ਵਿਜੇ ਦਿਵਸ' ਮਨਾਇਆ ਗਿਆ। ਇਸ ਮੌਕੇ 'ਤੇ ਭੰਤੇ ਪ੍ਰੀਗਿਆ ਬੋਧੀ ਜੀ ਨੇ ਭੀਮਾ ਕੋਰੇਗਾਓ ਵਿਜੈ ਦਿਵਸ ਅਤੇ ਨਵੇਂ ਸਾਲ ਦੀ ਵਧਾਈ ਦਿੱਤੀ। ਉਹਨਾਂ ਬੋਧੀ ਉਪਾਸਕਾਂ ਨੂੰ ਅਸ਼ੀਰਵਾਦ ਦਿੱਤਾ ਅਤੇ ਵਿਸ਼ਵ ਸ਼ਾਂਤੀ ਲਈ ਪ੍ਰਾਰਥਨਾ ਕੀਤੀ। ਐਡਵੋਕੇਟ ਹਰਭਜਨ ਸਾਂਪਲਾ ਪ੍ਰਧਾਨ ਬੁੱਧਿਸ਼ਟ ਸੋਸਾਇਟੀ (ਰਜ਼ਿ) ਪੰਜਾਬ, ਸ੍ਰੀ ਸ਼ਾਮ ਲਾਲ ਜੱਸਲ (ਨਿਊਜ਼ੀਲੈਂਡ) ਉਪ ਪ੍ਰਧਾਨ, ਰਾਮ ਦਾਸ ਗੁਰੂ ਖਜ਼ਾਨਚੀ, ਹੰਸ ਰਾਜ ਸਮਰਾ ਅਤੇ ਰਾਜੀਵ ਕੁਮਾਰ ਆਦਿ ਬੁੱਧੀਜੀਵੀਆਂ, ਬੋਧੀ ਉਪਾਸਕਾਂ ਨੇ ਮਹਾਰ ਫੌਜ ਦੇ ਯੋਧਿਆ ਨੂੰ ਯਾਦ ਕੀਤਾ, ਨਵੇਂ ਸਾਲ ਦੀ ਵੀ ਵਧਾਈ ਦਿੱਤੀ। ਬੁੱਧੀਜੀਵੀ ਬੋਧੀ ਆਗੂਆਂ ਨੇ ਕਿਹਾ ਕਿ ਮਹਾਨ ਰੈਜੀਮੈਂਟ ਦੇ 500 ਸੂਰਵੀਰ ਸਿਪਾਹੀਆਂ ਨੇ ਪੇਸ਼ਵਾ ਦੇ 28,000 ਸੈਨਿਕਾਂ ਦੀ ਫੌਜ ਨੂੰ ਮਾਰ ਮੁਕਾਇਆ ਸੀ, ਜੋ ਕਿ ਮੂਲ ਨਿਵਾਸੀ ਸੈਨਾ ਦੀ ਬਹਾਦਰੀ ਦੀ ਵਿਸ਼ਵ ਵਿੱਚ ਇੱਕੋ -ਇੱਕ ਉਦਾਹਰਣ ਮਿਲਦੀ ਹੈ। ਐਡਵੋਕੇਟ ਹਰਭਜਨ ਸਾਂਪਲਾ ਨੇ ਕਿਹਾ ਕਿ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਹਰ ਸਾਲ ਭੀਮਾ ਕੋਰੇਗਾਓ ਦੇ ਮਹਾਨ ਸਥਾਨ 'ਤੇ ਜਾ ਕੇ ਯੋਧਿਆਂ ਨੂੰ ਨਤਮਸਤਕ ਹੁੰਦੇ ਸਨ। ਜਿਸ ਨਾਲ ਉਹਨਾਂ ਵਿੱਚ ਮਹਾਰ ਯੋਧਿਆਂ ਦੀ ਸੂਰਬੀਰਤਾ ਅਤੇ ਜਿੱਤ ਦੀ ਨਵੀਂ ਊਰਜਾ ਆ ਜਾਂਦੀ ਸੀ। ਇਸ ਮੌਕੇ 'ਤੇ ਸ਼੍ਰੀ ਹਰਭਜਨ ਲਾਲ ਫਗਵਾੜਾ, ਅਮਨ, ਅਸੀਸ, ਚੇਤ ਰਾਮ, ਪ੍ਰਮੋਦ, ਅਰੁਣ, ਅਜੇ ਕੁਮਾਰ, ਧਰਮਿੰਦਰ, ਰਾਮ ਸੇਵਕ, ਅੰਜਲੀ ਅਤੇ ਹੋਰ ਬਹੁਤ ਸਾਰੇ ਉਪਾਸਕ ਹਾਜ਼ਰ ਸਨ।

# ਲੂਈ ਬਰੇਲ ਦਾ ਜਨਮ-ਦਿਨ ਭਲਕੇ ਮਨਾਇਆ ਜਾਵੇਗਾ



**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਏਕ ਜੋਤ ਵਿਕਲਾਂਗ ਬੱਚੋਂ ਕਾ ਸਕੂਲ ਲੁਧਿਆਣਾ ਅਤੇ ਬਲਾਈਂਡ ਪਰਸਨ ਐਸੋਸੀਏਸ਼ਨ ਪੰਜਾਬ ਵੱਲੋਂ ਨੇਤਰਹੀਣਾਂ ਦੇ ਭਵਿੱਖ ਨੂੰ ਰੁਸ਼ਨਾਉਣ ਵਾਲਾ ਅਤੇ ਬਰੇਲ ਲਿਪੀ ਦਾ ਬਾਨੀ ਲੂਈ ਬਰੇਲ ਦਾ 215ਵਾਂ ਜਨਮ-ਦਿਨ 4 ਜਨਵਰੀ ਦਿਨ ਸ਼ਨੀਵਾਰ ਨੂੰ ਗੁਰੂ ਨਾਨਕ ਦੇਵ ਭਵਨ (ਸੋਹਣ ਲਾਲ ਪਾਹਵਾ ਆਡੀਟੋਰੀਅਮ) ਲੁਧਿਆਣਾ ਵਿਖੇ ਮਨਾਇਆ ਜਾ ਰਿਹਾ ਹੈ। ਏਕ ਜੋਤ ਵਿਕਲਾਂਗ ਸਕੂਲ ਦੇ ਪ੍ਰਧਾਨ ਸਤਵੰਤ ਕੌਰ ਅਤੇ ਬਲਾਈਂਡ ਪਰਸਨ ਐਸੋਸੀਏਸ਼ਨ ਦੇ ਪ੍ਰਧਾਨ ਨਰਿੰਦਰ ਕੌਰ ਨੇ ਦੱਸਿਆ ਕਿ ਸਮਾਗਮ ਦੇ ਮੁੱਖ ਮਹਿਮਾਨ ਡਾ: ਸੇਨਾ ਅਗਰਵਾਲ ਡਾਇਰੈਕਟਰ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਚੰਡੀਗੜ੍ਹ ਹਨ। ਜਦ ਕਿ ਸ਼ਮ੍ਹਾ ਰੌਸ਼ਨ ਸ਼੍ਰੀ ਜਤਿੰਦਰ ਜੋਰਵਾਲ ਆਈ.ਏ.ਐਸ. ਡਿਪਟੀ ਕਮਿਸ਼ਨਰ ਲੁਧਿਆਣਾ ਕਰਨਗੇ। ਉਹਨਾਂ ਦੱਸਿਆ ਕਿ ਇਸ ਮੌਕੇ ਵੱਖ-ਵੱਖ ਖੇਤਰਾਂ ਵਿੱਚ ਉਪਲਬਧੀਆਂ ਪ੍ਰਾਪਤ ਕਰਨ ਵਾਲੀਆਂ ਨੇਤਰਹੀਣ ਸ਼ਖ਼ਸੀਅਤਾਂ ਨੂੰ ਸਨਮਾਨਿਤ ਵੀ ਕੀਤਾ ਜਾਵੇਗਾ।

# ਧਾਰਮਿਕ ਰਚਨਾਂ (ਦੀਦਾਰ ਕਾਸ਼ੀ ਵਾਲੇ ਦਾ) ਦੀ ਆਡੀਓ ਹੋਈ ਰਿਲੀਜ਼



ਨਵੇਂ ਸਾਲ ਤੇ ਜਗਤ ਪਿਤਾ ਧੰਨ ਧੰਨ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਆਉਣ ਵਾਲੇ ਗੁਰ ਪੁਰਬ ਨੂੰ ਸਮਰਪਿਤ ਇਕ ਨਵਾਂ ਧਾਰਮਿਕ ਗੀਤ ( ਦੀਦਾਰ ਕਾਸ਼ੀ ਵਾਲੇ ਦਾ ) ਦੀ ਆਡੀਓ ਰਿਲੀਜ਼ ਕਰ ਦਿੱਤੀ ਗਈ ਹੈ, ਇਸ ਨੂੰ ਗਾਇਕਾ ਬੇਬੀ ਏ ਕੌਰ, ਅਮਰੀਤ ਕੌਰ ਵਲੋਂ ਗਾਇਆ ਗਿਆ ਹੈ, ਇਸ ਗੀਤ ਨੂੰ ਕਲਮ ਬੱਧ ਕਮਲਜੀਤ ਮੰਢਾਲੀ ਵਲੋਂ ਕੀਤਾ ਗਿਆ ਹੈ, ਇਸ ਦਾ ਮਿਊਜ਼ਿਕ ਪ੍ਰੀਤ ਬਲਿਹਾਰ ਵਲੋਂ ਤਿਆਰ ਕੀਤਾ ਗਿਆ ਹੈ, ਇਸ ਦੀ ਕੰਪੋਜ਼ ਰਣਵੀਰ ਬੇਰਾਜ ਚੱਕ ਰਾਮੂੰ ਵਾਲੇ ਵਲੋਂ ਕੀਤੀ ਗਈ ਹੈ, ਇਸ ਗੀਤ ਦੀ ਵੀਡੀਓ ਬਹੁਤ ਜਲਦ ਰਿਲੀਜ਼ ਕੀਤੀ ਜਾਵੇਗੀ, ਇਸ ਲਈ ਸਹਿਯੋਗ ਗ੍ਰੇਟ ਚਮਾਰ ਇਟਰਨੈਸ਼ਨਲ ਸੰਸਥਾਂ, ਗੀਤਕਾਰ ਚਾਂਦੀ ਥੰਮਣ ਵਾਲੀਆ,, ਕੁਲਵੰਤ ਸਰੋਆ, ਕਾਲਾ ਮਖਸੂਸਪੁਰੀ, ਹਰਮੇਸ਼ ਸੰਧੂ ਮੰਡਰਾਂ ਵਾਲੇ ਦਾ ਹੈ ਜੀ, ਇਸ ਧਰਮਿਕ ਗੀਤ ਨੂੰ ਕੌਰ ਸਿਸਟਰਜ਼ ਚੈਨਲ ਵਲੋਂ ਬਹੁਤ ਜਲਦ ਰਿਲੀਜ਼ ਕੀਤਾ ਜਾਵੇਗਾ।

# ਸਮਾਜ ਸੇਵਾ ਦੇ ਕੰਮਾਂ ਨੂੰ ਸਮਰਪਿਤ ਇੰਜ: ਦਰਸ਼ਨ ਲਾਲ ਐਸ ਐਸ ਈ ਨੂੰ ਕੀਤਾ ਸਨਮਾਨਿਤ

**ਕਪੂਰਥਲਾ, ( ਕੌੜਾ )** – ਰੇਲ ਕੋਚ ਫੈਕਟਰੀ (ਆਰ ਸੀ ਐੱਫ )( ਕਪੂਰਥਲਾ ) ਵਿਖੇ ਆਈ ਆਰ ਟੀ ਐੱਸ ਏ ਦੇ ਜੋਨਲ ਪ੍ਰਧਾਨ ਅਤੇ ਆਰ ਸੀ ਐੱਫ ਇੰਪਲਾਈਜ ਯੂਨੀਅਨ ਦੇ ਕਾਰਜਕਾਰੀ ਪ੍ਰਧਾਨ ਵਜੋਂ ਰੇਲਵੇ ਮੁਲਾਜ਼ਮਾਂ ਦੀਆਂ ਮੰਗਾਂ ਅਤੇ ਸਮੱਸਿਆਵਾਂ ਨੂੰ ਆਰ ਸੀ ਐਫ ਪ੍ਰਸ਼ਾਸਨ ਅਤੇ ਕੇਂਦਰੀ ਰੇਲਵੇ ਬੋਰਡ ਤੱਕ ਪ੍ਰਮੁਖਤਾ ਨਾਲ ਪੇਸ਼ ਕਰਕੇ ਓਹਨਾਂ ਦਾ ਹੱਲ ਕਰਵਾਉਣ ਦੇ ਨਾ਼ਲ ਨਾ਼ਲ ਸਮਾਜ ਸੇਵਾ ਦੇ ਕੰਮਾਂ ਲਈ ਨਿਰੰਤਰ ਯਤਨਸ਼ੀਲ ਐਸ ਐਸ ਸੀ ( ਸੀਨੀਅਰ ਸੈਕਸਨ ਇੰਜੀਨੀਅਰ ) ਇੰਜ: ਦਰਸ਼ਨ ਲਾਲ ਨੂੰ ਅੱਜ ਆਰ ਸੀ ਐੱਫ ਵਿਖੇ ਆਈ ਆਰ ਟੀ ਐੱਸ ਏ ਅਤੇ ਆਰ ਸੀ ਐੱਫ ਇੰਪਲਾਈਜ ਯੂਨੀਅਨ ਦੇ ਆਹੁਦੇਦਾਰਾਂ ਵੱਲੋਂ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ । ਜ਼ੋਨਲ ਸਕੱਤਰ ਇੰਜੀ. ਜਗਤਾਰ ਸਿੰਘ, ਸਰਵਜੀਤ ਸਿੰਘ ਜਨਰਲ ਸਕੱਤਰ ਆ ਰ . ਸੀ . ਐ ਫ . ਇੰਪਲਾਈਜ਼ ਯੂਨੀਅਨ,ਅਮਰੀਕ ਸਿੰਘ, ਪਰਮਜੀਤ ਸਿੰਘ ਖਾਲਸਾ, ਮਨਜੀਤ ਬਾਜਵਾ, ਜੀਤ ਸਿੰਘ,ਇੰਜੀ. ਬਲਦੇਵ ਰਾਜ,



ਗੁਰਵਿੰਦਰ ਸਿੰਘ, ਕੁਲਦੀਪ ਚੰਦ, ਸੰਜੀਵ ਭਾਰਤੀ, ਇੰਜੀ. ਰਾਜੇਸ਼ ਜਟਾਣਾ, ਇੰਜੀ. ਸੂਰਜ ਸਿੰਘ , ਇੰਜੀ. ਇੰਦਰਜੀਤ ਸਿੰਘ, ਇੰਜੀ. ਜੀ.ਪੀ.ਸਿੰਘ ,ਜਸਵਿੰਦਰ ਸਿੰਘ, ਕਿਸ਼ੋਰ ਚੌਧਰੀ, ਪ੍ਰਸ਼ਾਂਤ ਕੁਮਾਰ, ਹਰਦੀਪ ਸਿੰਘ, ਸੁਰਜੀਤ ਸਿੰਘ, ਹਰਮਿੰਦਰ ਸਿੰਘ, ਅੰਮ੍ਰਿਤ ਲਾਲ ਚੌਧਰੀ, ਮਯੰਕ ਭਟਨਾਗਰ, ਗੁਰਜੀਤ ਸਿੰਘ, , ਇਕਬਾਲਜੀਤ ਸਿੰਘ, ਐਨ.ਐਨ.ਐਸ. ਸੋਢੀ, ਤਰਲੋਚਨ ਸਿੰਘ, ਜੀ.ਪੀ.ਐਸ.ਚੌਹਾਨ, ਜਗਮੋਹਨ ਸਿੰਘ, ਦਰਸ਼ਨ ਸਿੰਘ, ਅਨੂਪ ਸਿੰਘ, ਐੱਸ. ਭਾਟੀਆ, ਸੁਖਵੰਤ ਸਿੰਘ, ਸ਼ਰਨਜੀਤ ਸਿੰਘ, ਪਰਮਜੀਤ ਸਿੰਘ, ਹਰਜਿੰਦਰ ਸਿੰਘ, ਸੰਦੀਪ ਕੁਮਾਰ, ਸੰਜੀਵ ਭਾਰਤੀ , ਕਰਿਸ਼ਨਾ, ਰਣਜੀਤ ਸਿੰਘ, ਨਰਿੰਦਰ ਸਿੰਘ, ਪ੍ਰਦੀਪ ਕੁਮਾਰ, ਪੰਕਜ ਕੁਮਾਰ, ਰਜਿੰਦਰ ਸਿੰਘ, ਚਮਕੌਰ ਸਿੰਘ, ਵਿਕਾਸ ਕੁਮਾਰ, ਗੁਰਅੰਮ੍ਰਿਤਪਾਲ ਸਿੰਘ, ਅਮਰੀਕ ਸਿੰਘ, ਪ੍ਰੇਮ ਕੁਮਾਰ, ਸਵਰਨ ਮਿਸ਼ਰਾ, ਜਸਵਿੰਦਰ ਸਿੰਘ, ਇੰਦਰਜੀਤ ਸਿੰਘ , ਸੁਰਜੀਤ ਮੁਸਾਪੁਰੀ, ਗੁਰਜੀਤ ਸਿੰਘ ਅਤੇ ਹਰਜਿੰਦਰ ਸਿੰਘ ਆਦਿ ਨੇ ਸਾਂਝੇ ਤੌਰ ਉੱਤੇ ਜਿੱਥੇ ਇੰਜ: ਦਰਸ਼ਨ ਲਾਲ ਨੂੰ ਉਹਨਾਂ ਦੀਆਂ ਸਮਾਜ ਸੇਵਾ ਪ੍ਰਤੀ ਨਿਭਾਈਆਂ ਜਾ ਰਹੀਆਂ ਸੇਵਾਵਾਂ ਨੂੰ ਮੁੱਖ ਰੱਖਦਿਆਂ ਹੋਇਆਂ ਉਹਨਾਂ ਨੂੰ ਯਾਦ ਚੰਦ ਦੇ ਕੇ ਸਨਮਾਨਿਤ ਕੀਤਾ ਉਥੇ ਉਹਨਾਂ ਨੇ ਉਹਨਾਂ ਵੱਲੋਂ ਕੀਤੇ ਜਾ ਰਹੇ ਸਮਾਜ ਸੇਵਾ ਦੇ ਕੰਮਾਂ ਦੀ ਪ੍ਰਸੰਸਾ ਵੀ ਕੀਤੀ। ਇੰਜ: ਦਰਸ਼ਨ ਲਾਲ ਐਸ ਐਸ ਈ ਨੇ ਸਨਮਾਨ ਸਮਾਗਮ ਪ੍ਰਬੰਧਕਾਂ ਨੂੰ ਵਿਸ਼ਵਾਸ ਦਵਾਇਆ ਕਿ ਉਹ ਆਪਣੇ ਸਮਾਜ ਸੇਵਾ ਦੇ ਕੰਮਾਂ ਵਿੱਚ ਹੋਰ ਤੇਜ਼ੀ ਲਿਆਉਣ ਲਈ ਵਚਨਬੱਧ ਹੋਣਗੇ।

# ਹਿਊਮਨ ਰਾਈਟਸ ਪ੍ਰੈੱਸ ਕਲੱਬ ਦੇ ਪ੍ਰਧਾਨ ਨੇ ਦਿੱਤੀ ਅਨੁਪਮ ਕਲੇਰ ਕਮਿਸ਼ਨਰ ਨਗਰ ਨਿਗਮ ਨੂੰ ਆਈ ਏ ਐਸ ਬਣਨ ਤੇ ਵਧਾਈ

**ਕਪੂਰਥਲਾ, (ਕੌੜਾ)–** ਹਿਊਮਨ ਰਾਈਟਸ ਪ੍ਰੈਸ ਕਲੱਬ ਦੇ ਪ੍ਰਧਾਨ ਸੁਕੇਤ ਗੁਪਤਾ ਐਡਵੋਕੇਟ ਨੇ ਕਮਿਸ਼ਨਰ ਨਗਰ ਨਿਗਮ ਨੂੰ ਆਈ ਏ ਐਸ ਬਣਨ ਦੀ ਵਧਾਈ ਦਿੱਤੀ। ਇਸ ਮੌਕੇ ਤੇ ਉਹਨਾਂ ਦੱਸਿਆ ਕਿ ਅਨਪੁਨ ਕਲੀਅਰ ਨੇ ਪਿਛਲੇ ਦੋ ਸਾਲਾਂ ਵਿੱਚ ਕਪੂਰਥਲਾ ਵਿੱਚ ਨਗਰ ਨਿਗਮ ਕਮਿਸ਼ਨਰ ਰਹਿੰਦੇ ਹੋਏ ਆਮਦਨੀ ਨੂੰ ਦੁਗਣਾ ਕੀਤਾ ਹੈ। ਉਹਨਾਂ ਦੁਆਰਾ ਪ੍ਰਾਪਰਟੀ ਟੈਕਸ ਦੀ ਰਿਕਵਰੀ ਦੇ ਲਈ ਕੀਤੇ ਗਏ ਕਾਰਜ ਸ਼ਲਾਘਾਯੋਗ ਹਨ। ਉਨਾ ਕਿਹਾ ਕਿ ਨਗਰ ਨਿਗਮ ਵਿੱਚ ਵਿਰੋਧੀਆਂ ਦੀ ਸਰਕਾਰ ਹੋਣ ਦੇ ਬਾਵਜੂਦ ਉਹਨਾਂ ਨੇ ਹਰ ਇਮਤਿਹਾਨ ਵਿੱਚ ਸਫਲਤਾ ਹਾਸਲ ਕੀਤੀ ਅਤੇ ਵਿਰੋਧੀਆਂ ਨੂੰ ਵੀ ਆਪਣੀ ਵੱਲ ਲਿਆ ਖੜ੍ਹਾ ਕੀਤਾ। ਇਸੇ ਪ੍ਰਕਾਰ ਸ਼ਹਿਰ ਵਿੱਚ ਲੰਬੇ ਸਮੇਂ ਤੋਂ ਬੰਦ ਟਰੀਟਮੈਂਟ ਪਲਾਂਟ ਨੂੰ ਸਹੀ ਕਰ ਦੁਬਾਰਾ ਚਲਾਇਆ ਗਿਆ। ਸ਼ਹਿਰ ਦੀ ਮਾਲ ਰੋਡ ਨੂੰ ਸੁੰਦਰ ਬਣਾਉਣ ਦੇ ਲਈ ਕੀਤੇ ਜਾ ਰਹੇ ਕਾਰਜ ਅਤੇ ਸ਼ਹਿਰ ਦੀ ਨੁਹਾਰ ਬਦਲਣ ਦੇ ਲਈ ਸਾਰੇ ਪਾਰਕਾਂ ਨੂੰ ਨਿੱਜੀ ਐਨ ਜੀ ਓ ਨੂੰ ਦੇਖ ਰੇਖ ਜਿੰਮੇਦਾਰੀ ਨਾਲ ਉਹਨਾਂ ਨੂੰ ਨਵਾਂ ਜੀਵਨ ਦਾਨ ਦਿੱਤਾ ਹੈ। ਉਹਨਾਂ ਕਿਹਾ ਕਿ ਉਹਨਾਂ ਦੇ ਆਈ ਏ ਐਸ ਬਣਨ ਨਾਲ ਜਿੱਥੇ ਪਰਿਵਾਰ ਵਿੱਚ ਖੁਸ਼ੀ ਦੀ ਲਹਿਰ ਹੈ । ਉਥੇ ਹੀ ਨਗਰ ਨਿਗਮ ਦੇ ਸਾਰੇ ਕਰਮਚਾਰੀਆਂ ਵਿੱਚ ਉਤਸ਼ਾਹ ਦਾ ਮਾਹੌਲ ਹੈ ਉਹਨਾਂ ਦੀ ਪੱਦ ਉਨੱਤੀ ਦੇ ਲਈ ਉਹਨਾਂ ਨੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ ।ਇਸ ਮੌਕੇ ਤੇ ਉਹਨਾਂ ਦੇ ਨਾਲ ਬੀ ਐਨ ਗੁਪਤਾ ਸੀਨੀਅਰ ਪੱਤਰਕਾਰ ,ਪ੍ਰਿੰਸ ਅਰੋੜਾ ਇਨਚਾਰਜ ਆਫਿਸ ਇੰਚਾਰਜ , ਹਨੀਸ਼ ਅਰੋੜਾ, ਰਜਿੰਦਰ ਰਾਜੂ ਨੇ ਵੀ ਅਨੁਪਮ ਕਲੇਰ ਨੂੰ ਵਧਾਈ ਦਿੱਤੀ।



# ਜਥੇਦਾਰ ਨਿਮਾਣਾ ਨੇ ਯਾਤਰਾ ਸਫਰ-ਏ-ਸ਼ਹਾਦਤ ਸਥਾਨਾਂ ਦੇ ਦਰਸ਼ਨਾਂ ਲਈ ਬੱਸਾਂ ਨੂੰ ਕੀਤਾ ਰਵਾਨਾ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਯਾਤਰਾ ਸਫਰ–ਏ– ਸ਼ਹਾਦਤ ਸੰਗਤਾਂ ਨੂੰ ਇਤਿਹਾਸਕ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਵਾ ਕੇ ਗੁਰੂ ਸਾਹਿਬਾਨ ਦੇ ਦੱਸੇ ਮਾਰਗ ਤੇ ਚੱਲਣ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗਣ ਦਾ ਵੱਡਾ ਉਪਰਾਲਾ ਲੰਬੇ ਸਮੇ ਤੋਂ ਸਮਾਜ ਸੇਵੀ ਮਨਵਿੰਦਰ ਸਿੰਘ ਲੱਕੀ ਵੱਲੋਂ ਕੀਤਾ ਜਾ ਰਿਹਾ ਹੈ। ਇਨ੍ਹਾ ਸ਼ਬਦਾਂ ਦਾ ਪ੍ਰਗਟਾਵਾ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਮੁੱਖ ਸੇਵਾਦ–ਾਰ ਭਾਈ ਘਨ੍ਹੱਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜਿ:) ਅਤੇ ਕੌਮੀ ਪ੍ਰਧਾਨ ਅੰਨਦਾਤਾ ਕਿਸਾਨ ਮਜ਼ਦੂਰ ਯੂਨੀਅਨ ਨੇ ਸਥਾਨਕ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਹਿਬ, ਜਵਾਹਰ ਨਗਰ, ਲੁਧਿਆਣਾ ਵਿਖੇ ਕੀਤਾ।



ਇਸ ਮੌਕੇ ਤੇ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਨੇ ਕਿਹਾ ਗੁਰੂ ਸਾਹਿਬ ਜੀ ਦੇ ਦੱਸੇ ਮਾਰਗ ਨਾਮ ਜਪੋ, ਕਿਰਤ ਕਰੋ, ਵੰਡ ਛਕੋ ਦੇ ਸਿਧਾਂਤ ਤੇ ਪਹਿਰਾ ਦਿੰਦੇ ਹੋਏ ਸੰਗਤਾਂ ਨੂੰ ਸਤਿਨਾਮ ਵਾਹਿਗੁਰੂ ਜੀ ਦਾ ਜਾਪ ਕਰਵਾਉਂਦੇ ਹੋਏ ਇਤਿਹਾਸਕ ਸਥਾਨਾਂ ਦੇ ਦਰਸ਼ਨ ਕਰਵਾਏ ਅਤੇ ਗੁਰ ਇਤਿਹਾਸ ਤੋਂ ਜਾਣੂ ਕਰਵਾ ਕੇ ਗੁਰੂ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਇਸ ਸਮੇਂ ਮਨਵਿੰਦਰ ਸਿੰਘ ਲੱਕੀ ਦੀ ਅਗਵਾਈ ਹੇਠ ਗੁਰਦੂਆਰਾ ਚਰਨ ਕੰਵਲ ਸਾਹਿਬ, ਗੁ; ਚੁਬਾਰਾ ਸਾਹਿਬ, ਗੁ: ਕਤਲਗੜ੍ਹ ਸਾਹਿਬ, ਗੁ: ਚਮਕੌਰ ਦੀ ਗੜ੍ਹੀ ਸਾਹਿਬ, ਗੁ:ਤਾੜੀ ਸਾਹਿਬ, ਗੁ: ਕੋਤਵਾਲੀ ਸਾਹਿਬ, ਗੁ: ਫਤਿਹਗੜ੍ਹ ਸਾਹਿਬ ਗੁ; ਠੰਡਾ ਬੁਰਜ ਸਾਹਿਬ, ਗੁ: ਜੋਤੀ ਸਰੂਪ ਸਾਹਿਬ ਇਤਿਹਾਸਕ ਸਥਾਨਾਂ ਲਈ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਨੇ ਬੱਸਾਂ ਨੂੰ ਰਵਾਨਾ ਕੀਤਾ। ਇਸ ਮੌਕੇ ਗ੍ਰੰਥੀ ਸਵਰਨ ਸਿੰਘ, ਦਿਲਬਾਗ ਸਿੰਘ, ਤਰਨਜੀਤ ਸਿੰਘ, ਰਾਮ ਉਤਮ ਹਾਜ਼ਰ ਸਨ ।

# ਖੇਤੀ ਖਰਚੇ ਘਟਾਉਣ ਲਈ ਨਵੀਆਂ ਤਕਨੀਕਾਂ ਨੂੰ ਅਪਣਾਉਣ ਕਿਸਾਨ ਵੀਰ; ਸਨਦੀਪ ਸਿੰਘ ਏ ਡੀ ਓ

ਅੱਜ ਬਲਾਕ ਸਮਰਾਲਾ ਦੇ ਨੇੜਲੇ ਪਿੰਡ ਸੰਗਤਪੁਰ ਵਿਖੇ ਡਾ ਗੁਰਦੀਪ ਸਿੰਘ ਮੁੱਖ ਖੇਤੀਬਾੜੀ ਅਫਸਰ, ਲੁਧਿਆਣਾ ਜੀ ਦੇ ਦਿਸ਼ਾ-ਨਿਰਦੇਸ਼ ਅਤੇ ਡਾ ਗੌਰਵ ਧੀਰ ਖੇਤੀਬਾੜੀ ਅਫਸਰ, ਸਮਰਾਲਾ ਦੀ ਅਗਵਾਈ ਹੇਠ ਇੱਕ ਕਿਸਾਨ ਜਾਗਰੂਕਤਾ ਕੈਂਪ ਲਗਾਇਆ ਗਿਆ।

ਇਸ ਕਿਸਾਨ ਜਾਗਰੂਕਤਾ ਕੈਂਪ ਦੌਰਾਨ ਕਿਸਾਨ ਵੀਰਾਂ ਨੂੰ ਹਾੜੀ ਦੀ ਮੁੱਖ ਫਸਲ ਕਣਕ ਵਿੱਚ ਯੂਰੀਆ ਖਾਦ ਦੀ ਆਖ਼ਰੀ ਕਿਸਤ 55 ਦਿਨਾਂ ਦੇ ਅੰਦਰ ਪਾਉਣ ਦੀ ਸਲਾਹ ਦਿੱਤੀ ਗਈ।

ਇਸ ਕੈਂਪ ਦੌਰਾਨ ਉਹਨਾਂ ਕਿਸਾਨਾਂ ਨੂੰ ਸੰਬੋਧਨ ਕਰਦੇ ਹੋਏ ਸਨਦੀਪ ਸਿੰਘ ਖੇਤੀਬਾੜੀ ਵਿਕਾਸ ਅਫਸਰ (ਪੀ.ਪੀ.)ਨੇ ਆਖਿਆ ਕਿ ਕਿਸਾਨ ਵੀਰ ਬੇਲੋੜੀਆਂ ਖਾਦਾਂ ਦੀ ਵਰਤੋਂ ਨਾ ਕਰਨ ਲੋੜ ਤੋਂ ਵੱਧ ਯੂਰੀਆ ਖਾਦ ਕਣਕ ਦੇ ਵਿੱਚ ਕੀੜੇ ਮਕੌੜੇ ਅਤੇ ਬਿਮਾਰੀਆਂ ਦੇ ਹਮਲੇ ਨੂੰ ਵਧਾਉਂਦੀ ਹੈ। ਉਹਨਾਂ ਕਿਸਾਨ ਵੀਰਾਂ ਨੂੰ ਸੂਖਮ ਖੁਰਾਕੀ ਤੱਤਾ ਜਿਵੇਂ ਕਿ ਮੈਗਨੀਜ ਦੀ ਘਾਟ ਅਤੇ ਉਸਦੀ ਪੂਰਤੀ ਦੇ ਸੁਝਾਅ ਦਿੱਤੇ। ਇਸ ਮੌਕੇ ਉਹਨਾਂ ਨੇ ਕਿਸਾਨ ਵੀਰਾਂ ਨੂੰ ਕਣਕ ਦੇ ਮੁੱਖ ਨਦੀਨ ਗੁੱਲੀ ਡੰਡੇ ਦੀ ਰੋਕਥਾਮ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ ਉਹਨਾਂ ਆਖਿਆ ਕਿ ਨਦੀਨਾਂ ਦੀ ਰੋਕਥਾਮ ਦੌਰਾਨ ਅਸੀਂ ਅਕਸਰ ਆਪਣੇ ਛਿੜਕਾ ਦੇ ਢੰਗ ਤਰੀਕਿਆਂ ਨੂੰ ਸਹੀ ਨਹੀਂ ਰੱਖਦੇ ਜਿਸ ਕਰਕੇ ਨਦੀਨਾ ਦੀ ਰੋਕਥਾਮ ਸਹੀ ਨਹੀਂ ਹੁੰਦੀ। ਉਹਨਾਂ ਨੇ ਕਿਹਾ ਕਿ ਕਿਸਾਨ ਢੁਕਵੇਂ ਸਮੇਂ ਤੇ ਸਹੀ ਨਦੀਨ ਨਾਸ਼ਕ ਅਤੇ ਸਹੀ ਨੋਜਲ ਦੀ ਵਰਤੋਂ ਦੇ ਨਾਲ ਨਦੀਨ ਨਾਸ਼ਕ ਦਾ ਛਿੜਕਾ ਕਰਨ ਦੀ ਸਲਾਹ ਦਿੱਤੀ। ਇਸ ਮੌਕੇ ਕਿਸਾਨ ਵੀਰਾਂ ਨੂੰ ਪੀਲੀ ਦੇ ਕਣਕ ਤੇ ਲੱਛਣ ਅਤੇ ਇਸ ਦੀ ਰੋਕਥਾਮ ਬਾਰੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਸਿਫਾਰਸ਼ ਉੱਲੀ ਨਾਸ਼ਕ ਜਹਿਰਾ ਬਾਰੇ ਜਾਣਕਾਰੀ ਦਿੱਤੀ। ਉਹਨਾਂ ਕਿਹਾ ਕਿ ਕਿਸਾਨ ਵੀਰ ਬੇਲੋੜੀਆਂ ਕੀਟਨਾਸ਼ਕ ਜਹਿਰਾਂ ਦੀ ਵਰਤੋਂ ਨਾ ਕਰਨ ਦੀ ਸਲਾਹ ਦਿੱਤੀ।ਖੇਤੀ ਖਰਚੇ ਘਟਾਉਣ ਲਈ ਨਵੀਆਂ ਤਕਨੀਕਾਂ ਨੂੰ ਅਪਣਾਉਣ ਕਿਸਾਨ ਵੀਰ।ਇਸ ਮੌਕੇ ਕੁਲਵੰਤ ਸਿੰਘ ਖੇਤੀਬਾੜੀ ਵਿਕਾਸ ਅਫਸਰ ਨੇ ਦੱਸਿਆ ਕਿ ਖੇਤੀਬਾੜੀ ਵਿਭਾਗ ਕੋਲ ਜਿਪਸਮ ਸਬਸਿਡੀ ਤੇ ਉਪਲਬਧ ਹੈ ਜਿਨਾਂ ਕਿਸਾਨਾਂ ਵੀਰਾਂ ਦੇ ਜੇ ਫਾਰਮ ਆਨਲਾਈਨ ਹਨ ਉਹ ਇੱਕ ਕਿਸਾਨ ਵੀਰ 25 ਬੈਗ ਜਿਪਸਮ ਖੇਤੀਬਾੜੀ ਵਿਭਾਗ ਤੋਂ ਸਬਸਿਡੀ ਵਾਲੇ ਰੇਟਾਂ ਤੇ ਲੈ ਸਕਦਾ ਹੈ। ਉਹਨਾਂ ਨੇ ਮਲਚਿੰਗ ਵਿਧੀ ਰਾਹੀਂ ਕਣਕ ਦੀ ਬਜਾਈ ਦੇ ਲਾਭ ਦੱਸੇ ਅਤੇ ਅਗਾਹਵਧੂ ਕਿਸਾਨ ਸ ਦਿਲਬਾਗ ਸਿੰਘ,ਅਵਤਾਰ ਸਿੰਘ ਅਤੇ ਕਪੂਰ ਸਿੰਘ ਦੀ ਉਦਾਹਰਣ ਦਿੰਦੇ ਹੋਏ ਇਲ-ਾਕੇ ਦੇ ਬਾਕੀ ਕਿਸਾਨਾਂ ਨੂੰ ਮਲਚਿੰਗ ਵਿਧੀ ਨਾਲ ਕਣਕ ਦੀ ਬਿਜਾਈ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਖੇਤੀਬਾੜੀ ਵੱਲੋਂ ਚਮਕੌਰ ਸਿੰਘ ਅਤੇ ਗੁਰਪ੍ਰੀਤ ਸਿੰਘ ਹਾਜ਼ਰ ਸਨ।ਇਸ ਮੌਕੇ ਚੇਤੰਨ ਸਿੰਘ,ਬਲਦੇਵ ਸਿੰਘ, ਹਰਕੇਸ਼ ਸਿੰਘ, ਰਾਜਵੀਰ ਸਿੰਘ, ਕਪੂਰ ਸਿੰਘ, ਦਿਲਬਾਗ ਸਿੰਘ, ਅਵਤਾਰ ਸਿੰਘ, ਪ੍ਰਵਿੰਦਰ ਸਿੰਘ, ਜਸ਼ਨ ਪ੍ਰੀਤ ਸਿੰਘ, ਜਸਵਿੰਦਰ ਸਿੰਘ, ਹਰਦੀਪ ਸਿੰਘ, ਰਾਜਿੰਦਰ ਸਿੰਘ,ਕਰਨਵੀਰ ਸਿੰਘ, ਰਣਜੀਤ ਸਿੰਘ, ਸੁਖਵਿੰਦਰ ਸਿੰਘ, ਜਗਦੇਵ ਸਿੰਘ ਅਤੇ ਜਗਜੀਤ ਸਿੰਘ ਕਿਸਾਨ ਵੀਰ ਹਾਜ਼ਰ ਸਨ।



**Sandeep Singh ADO PAU,LUDHIANA MANAGE HYDRABAD**

# ਫਤਿਹਗੜ੍ਹ ਸਾਹਿਬ ਤੇ ਪਟਿਆਲੇ ਲਾਇਆ ਵਿਸਾਲ ਖ਼ੂਨਦਾਨ ਕੈਂਪ

**ਫ਼ਰੀਦਕੋਟ (ਸਮਾਜ ਵੀਕਲੀ)** ਬਾਬਾ ਫ਼ਰੀਦ ਜੀ ਬਲੱਡ ਸੇਵਾ ਸੁਸਾਇਟੀ (ਰਜਿ) ਫ਼ਰੀਦਕੋਟ ਵੱਲੋ ਫਤਿਹਗੜ੍ਹ ਸਾਹਿਬ ਤੇ ਪਟਿਆਲੇ ਵਿਚ ਵਿਸਾਲ ਖ਼ੂਨਦਾਨ ਕੈਂਪ ਲਗਾਏ ਗਏ। ਪ੍ਰੈਸ ਸਕੱਤਰ ਸ਼ਿਵਨਾਥ ਦਰਦੀ ਫ਼ਰੀਦਕੋਟ ਨੇ ਕਿਹਾ, ਇਸ ਤੋ ਸ੍ਰੀ ਮੁਕਤਸਰ ਸਾਹਿਬ ਵਿਚ ਇਕ ਦੋ ਰੋਜਾ ਵਿਸਾਲ ਖ਼ੂਨਦਾਨ ਕੈਂਪ ਲਗਾਇਆ ਜਾ ਰਿਹਾ। ਸਾਡੀ ਸੁਸਾਇਟੀ ਪੰਜਾਬ ਦੇ ਹਰ ਜਿਲੇ ਕੈਪ ਲਗਾ ਨੌਜਵਾਨਾਂ ਨੂੰ ਖ਼ੂਨਦਾਨ ਸੇਵਾ ਨਾਲ ਜੋੜ ਰਹੀ ਹੈ।



ਇਸ ਸਮੇ ਪ੍ਰਧਾਨ ਰਾਜਵੀਰ ਸਿੰਘ ਗੋਲੇਵਾਲਾ, ਮੀਤ ਪ੍ਰਧਾਨ ਸੁਖਵੀਰ ਸਿੰਘ ਰੱਤੀ ਰੋੜੀ, ਗੁਰਦੇਵ ਸਿੰਘ, ਸਕੱਤਰ ਸਲਾਹਕਾਰ ਗੁਰਸੇਵਕ ਸਿੰਘ ਥਾੜਾ , ਸਤਨਾਮ ਸਿੰਘ ਖਜਾਨਚੀ ,ਸਹਾਇਕ ਪ੍ਰੈਸ ਸਕੱਤਰ ਵਿਸ਼ਾਲ, ਸਾਬਕਾ ਪ੍ਰਿੰਸਪੀਲ ਡਾਂ. ਪਰਮਿੰਦਰ ਸਿੰਘ ਸਰਕਾਰੀ ਬ੍ਰਜਿੰਦਰਾ ਕਾਲਜ, ਡਾਂ. ਬਲਜੀਤ ਸ਼ਰਮਾ ਗੋਲੇਵਾਲਾ ,ਔਸਕ ਭਟਨਾਗਰ,ਕਰਨ,ਅਮਨ ਨਵਾਂ ਕਿਲ੍ਹਾ, ਦਵਿੰਦਰ ਮੰਡ ਵਾਲਾ, ਚੋਪੜਾ ਫਿਰੋਜ਼ਪੁਰ,ਸੁਖਮੰਦਰ ਸਿੰਘ ਗੋਲੇਵਾਲਾ, ਮਨੇਜਰ ਜੱਸੀ ਥਾੜਾ,,ਜਸਕਰਨ ਫਿੰਡੇ, ਸਾਗਰ,ਬਿੱਲਾ,ਪਾਲਾ ਰੋਮਾਣਾ, ਗੁਰਪਾਲ ਸਿੰਘ ਭੰਡਾਰੀ,ਮਨਜੀਤ ਸਿੰਘ ਕਾਹਨ ਸਿੰਘ ਵਾਲਾ, ਗੁਰਸ਼ਰਨ ਖਾਰਾ , , ਸੀਨੀਅਰ ਸਲਾਹਕਾਰ ਕਾਕਾ ਖ਼ਾਰਾਂ , ਡਾ ਭਲਿੰਦਰ ਸਿੰਘ , ਸਟੋਕ ਮਨੇਜਰ ਸਵਰਾਜ ਸਿੰਘ, , ਅਰਸ਼ ਕੋਠੇ ਧਾਲੀਵਾਲ, ਕਾਲ਼ਾ ਡੋਡ ਹਾਜਿਰ ਸਨ।

# ਨਰੋਏ ਸਮਾਜ ਲਈ ਸਿੱਖਿਆ ਤੇ ਸਿਹਤ ਸੁਰੱਖਿਆ ਜਰੂਰੀ-ਢਾਹਾਂ

## ਢਾਹਾਂ ਕਲੇਰਾਂ ਵਿਖੇ ਨਵੇਂ ਸਾਲ ਦੀ ਆਮਦ ਮੌਕੇ ਸਰਬੱਤ ਦੇ ਭਲੇ ਦੀ ਅਰਦਾਸ

**ਬੰਗਾ, (ਚਰਨਜੀਤ ਸੱਲ੍ਹਾ )** ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਵਲੋਂ ਨਵੇਂ ਸਾਲ ਦੀ ਆਮਦ ਮੌਕੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਗੁਰਦੁਆਰਾ ਗੁਰੂ ਨਾਨਕ ਮਿਸ਼ਨ ਵਿਖੇ ਕੀਤੀ ਗਈ ਅਰਦਾਸ 'ਚ ਇਹ ਵਰ੍ਹਾਂ ਸਾਰਿਆਂ ਲਈ ਖੁਸ਼ੀਆਂ ਖੇੜਿਆਂ ਵਾਲਾ ਹੋਣ ਦੀ ਕਾਮਨਾ ਵੀ ਸ਼ਾਮਲ ਸੀ। ਇਸ ਅਰਦਾਸ ਵਿੱਚ ਟਰੱਸਟ ਦੀ ਅਗਵਾਈ ਵਿੱਚ ਚਲਦੇ ਸਾਰੇ ਅਦਾਰਿਆਂ ਤੋਂ ਕਰਮਚਾਰੀਆਂ ਅਤੇ ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ। ਟਰੱਸਟ ਦੇ ਪ੍ਰਧਾਨ ਡਾ. ਕੁਲਵਿੰਦਰ ਸਿੰਘ ਢਾਹਾਂ ਨੇ ਸੰਗਤ ਨਾਲ ਵਿਚਾਰਾਂ ਦੀ ਸਾਂਝ ਪਾਉਂਦਿਆਂ ਕੁਦਰਤ ਦੀ ਰਜ਼ਾ ਵਿੱਚ ਰਹਿਣ, ਉੱਦਮ ਕਰਦੇ ਰਹਿਣ ਅਤੇ ਅਪਣੱਤ ਦਾ ਮਾਹੌਲ ਸਿਰਜਨ ਦਾ ਸੁਨੇਹਾ ਦਿੱਤਾ। ਉਹਨਾਂ



**ਢਾਹਾਂ ਕਲੇਰਾਂ ਟਰੱਸਟ ਦੇ ਪ੍ਰਧਾਨ ਡਾ. ਕੁਲਵਿੰਦਰ ਸਿੰਘ ਢਾਹਾਂ ਵਿਚਾਰ ਸਾਂਝੇ ਕਰਦੇ ਹੋਏ।**

ਕਿਹਾ ਕਿ ਉਕਤ ਟਰੱਸਟ ਚਾਰ ਦਹਾਕਿਆਂ ਤੋਂ ਲੋਕਾਂ ਨੂੰ ਕਿਫ਼ਾਇਤੀ ਦਰਾਂ 'ਤੇ ਵਧੀਆ ਸਿੱਖਿਆ ਅਤੇ ਮੈਡੀਕਲ ਸਹੂਲਤਾਂ ਦੇਣ 'ਚ ਵੱਡਾ ਯੋਗਦਾਨ ਪਾਉਂਦਾ ਆ ਰਿਹਾ ਹੈ ਜਿਸ ਲਈ ਟਰੱਸਟ ਮੈਂਬਰ, ਸਹਿਯੋਗੀ, ਦਾਨੀ, ਕਰਮਚਾਰੀ ਅਤੇ ਸ਼ੁੱਭ ਚਿੰਤਕ ਵਧਾਈ ਦੇ ਪਾਤਰ ਹਨ। ਇਸ ਮੌਕੇ ਟਰੱਸਟ ਦੇ ਸਕੱਤਰ ਅਮਰਜੀਤ ਸਿੰਘ ਕਲੇਰਾਂ, ਸੀਨੀਅਰ ਮੈਂਬਰ ਦਰਸ਼ਨ ਸਿੰਘ ਮਾਹਲ, ਮੀਤ ਸਕੱਤਰ ਜਗਜੀਤ ਸਿੰਘ ਸੋਢੀ, ਗੁਰਦੁਆਰਾ ਗੁਰੂ ਨਾਨਕ ਮਿਸ਼ਨ ਦੇ ਹਜ਼ੂਰੀ ਰਾਗੀ ਭਾਈ ਜੋਗਾ ਸਿੰਘ, ਗੁਰੂ ਨਾਨਕ ਮਿਸ਼ਨ ਹਸਪਤਾਲ ਦੇ ਮੈਡੀਕਲ ਸੁਪਰਡੈਂਟ ਡਾ. ਰਵਿੰਦਰ ਖਜੂਰੀਆ, ਗੁਰੂ ਨਾਨਕ ਮਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਮੈਡਮ ਵਨੀਤਾ ਚੋਟ, ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਦੇ ਵਾਇਸ ਪ੍ਰਿੰਸੀਪਲ ਮੈਡਮ ਰਮਨਦੀਪ ਕੌਰ, ਗੁਰੂ ਨਾਨਕ ਪੈਰਾ ਮੈਡੀਕਲ ਕਾਲਜ ਦੇ ਅਸਿਸਟੈਂਟ ਪ੍ਰੋਫੈਸਰ ਨਿਤਿਨ ਭਾਰਦਵਾਜ, ਟਰੱਸਟ ਦਫ਼ਤਰ ਦੇ ਸੁਪਰਡੈਂਟ ਮਹਿੰਦਰਪਾਲ ਸਿੰਘ, ਮੀਡੀਆ ਕੋ-ਆਰਡੀਨੇਟਰ ਸੁਰਜੀਤ ਮਜਾਰੀ ਆਦਿ ਸ਼ਾਮਲ ਸਨ।

# ਭਾਸ਼ਾ ਵਿਭਾਗ ਤੋਂ ਡਾ. ਜਸਵੰਤ ਰਾਏ ਦਾ ਹੋਇਆ ਤਾਮਿਲਨਾਡੂ ਵਿਖੇ ਵਿਸ਼ੇਸ਼ ਸਨਮਾਨ

**ਹੁਸ਼ਿਆਰਪੁਰ, ( ਤਰਸੇਮ ਦੀਵਾਨਾ )** ਜ਼ਿਲ੍ਹਾ ਭਾਸ਼ਾ ਦਫ਼ਤਰ ਵਿਖੇ ਬਤੌਰ ਖੋਜ ਅਫ਼ਸਰ ਸੇਵਾ ਨਿਭਾਅ ਰਹੇ ਡਾ. ਜਸਵੰਤ ਰਾਏ ਦਾ ਤਾਮਿਲਨਾਡੂ ਦੇ ਜ਼ਿਲ੍ਹਾ ਤਿਰੁਚੀਰਪੱਲੀ ਵਿਖੇ ਫੈੱਡਰੇਸ਼ਨ ਆਫ ਰੈਸ਼ਨਲਿਸਟ ਐਸੋਸੀਏਸ਼ਨ ਅਤੇ ਡੀ.ਕੇ ਵੱਲੋਂ ਉਲੀਕੇ ਸਮਾਗਮ ਵਿੱਚ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਹ ਸਨਮਾਨ ਮਹਾਨ ਸਮਾਜਿਕ ਅਤੇ ਤਰਕਸ਼ੀਲ ਆਗੂ ਈ.ਵੀ ਰਾਮਾਸਾਮੀ ਪੇਰੀਆਰ ਦੇ ਜੀਵਨ ਅਤੇ ਲਿਖਤਾਂ 'ਤੇ ਅਧਾਰਿਤ ਪੁਸਤਕ 'ਕਲੈਕਟਿਡ ਵਰਕਸ ਆਫ ਪੇਰੀਆਰ'ਜਿਸਨੂੰ ਅੰਨਾਮਲੱਈ ਯੂਨੀਵਰਸਿਟੀ ਦੇ ਸਾਬਕਾ ਵਾਇਸ ਚਾਂਸਲਰ ਅਤੇ ਡੀ.ਕੇ ਦੇ ਪ੍ਰਧਾਨ ਡਾ. ਕੇ ਵੀਰਾਂਮਨੀ ਨੇ ਅੰਗਰੇਜ਼ੀ ਵਿੱਚ ਸੰਪਾਦਿਤ ਕੀਤਾ ਸੀ ਦੇ ਡਾ. ਜਸਵੰਤ ਰਾਏ ਵੱਲੋਂ ਪੰਜਾਬੀ ਅਨੁਵਾਦ ਲਈ ਦਿੱਤਾ ਗਿਆ। ਡਾ. ਜਸਵੰਤ ਰਾਏ ਵੱਲੋਂ ਅਨੁਵਾਦਿਤ ਪੁਸਤਕ ਦਾ ਨਾਂ 'ਪੇਰੀਆਰ ਰਚਨਾਵਲੀ:ਨਵੇਂ ਯੁਗ ਦਾ ਸੁਕਰਾਤ'ਹੈ ਜਿਸਨੂੰ ਕਿ ਪ੍ਰਸਿੱਧ ਪ੍ਰਕਾਸ਼ਕ ਆੱਟਮ ਆਰਟ ਪਟਿਆਲਾ ਨੇ ਪ੍ਰਕਾਸ਼ਿਤ ਕੀਤਾ ਹੈ।ਪੇਰੀਆਰ



ਆਪਣੇ ਸਮੇਂ ਦਾ ਪ੍ਰਸਿੱਧ ਸਮਾਜਿਕ ਕਾਰਕੁੰਨ ਸੀ ਜਿਸਨੇ ਹਾਸ਼ੀਆਗਤ ਲੋਕਾਂ ਦੇ ਹੱਕਾਂ ਲਈ ਲੰਬੀ ਲੜਾਈ ਲੜੀ। ਔਰਤਾਂ ਦੀ ਸਿੱਖਿਆ, ਸਮਾਜਿਕ ਸਮਾਨਤਾ, ਤਰਕਸ਼ੀਲਤਾ, ਸਾਇੰਸ, ਮਾਤ ਭਾਸ਼ਾ ਵਿੱਚ ਸਿੱਖਿਆ ਜਿਹੇ ਅਨੇਕਾਂ ਵਿਸ਼ਿਆਂ 'ਤੇ ਕੰਮ ਕਰਨ ਵਾਲੇ ਪੇਰੀਆਰ ਨੇ ਆਪਣੀ ਸਾਰੀ ਜ਼ਿੰਦਗੀ 'ਸੈਲਫ ਰਿਸਪੈਕਟ ਮੂਵਮੈਂਟ'ਦੇ ਨਾਂ ਲਾ ਦਿੱਤੀ। ਕਰੋੜਾਂ ਰੁਪਏ ਦੀ ਸੰਪੱਤੀ ਦੇ ਮਾਲਕ ਪੇਰੀਆਰ ਨੇ ਸਾਰੀ ਪ੍ਰਾਪਰਟੀ ਸਮਤਾ ਸਮਾਨਤਾ ਅੰਦੋਲਨ ਦੇ ਨਾਂ ਲਾ ਦਿੱਤੀ ਅਤੇ ਤਮਾਮ ਉਮਰ ਦੋ ਫੁਲਕੇ ਖਾ ਕੇ ਸਾਦਾ ਜ਼ਿੰਦਗੀ ਗੁਜ਼ਾਰਦੇ ਲੋਕਾਈ ਦੀ ਭਲਾਈ ਲਈ ਤੱਤਪਰ ਰਹੇ। ਡਾ. ਜਸਵੰਤ ਰਾਏ ਨੇ ਇਸ ਤੋਂ ਪਹਿਲਾਂ ਪੰਜਾਬੀ ਲੋਕ ਕਥਾਵਾਂ, ਗ਼ਦਰ ਲਹਿਰ, ਆਦਿ ਧਰਮ ਲਹਿਰ, ਮਦਨ ਵੀਰੇ ਦੀ ਕਵਿਤਾ ਦੇ ਕਾਵਿ ਸ਼ਾਸਤਰ, ਮਹਾਤਮਾ ਜੋਤੀਬਾ ਰਾਓ ਫੂਲੇ ਦੀਆਂ ਲਿਖਤਾਂ ਨੂੰ ਪੰਜਾਬੀ ਵਿੱਚ ਅਨੁਵਾਦ ਕਰਕੇ ਗੁਰਮੁਖੀ ਸਾਹਿਤ ਵਿੱਚ ਮਾਣਮੱਤਾ ਯੋਗਦਾਨ ਪਾਇਆ ਹੈ। ਦੱਖਣ ਭਾਰਤ ਦੀਆਂ ਆਦਿ ਲਹਿਰਾਂ ਦੀਆਂ ਲਿਖਤਾਂ ਦਾ ਪੰਜਾਬੀ ਅਨੁਵਾਦ ਕਰਨ ਬਦਲੇ ਡਾ. ਜਸਵੰਤ ਰਾਏ ਅਤੇ ਉਨ੍ਹਾਂ ਦੀ ਬੈਟਰ ਹਾਫ ਬਬੀਤਾ ਰਾਣੀ ਦਾ ਫੈੱਡਰੇਸ਼ਨ ਆਫ ਰੈਸ਼ਨਲਿਸਟ ਐਸੋਸੀਏਸ਼ਨ ਅਤੇ ਡੀ. ਕੇ ਦੇ ਅਹੁਦੇਦਾਰਾਂ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਸ ਸਮੇਂ ਡਾ. ਕੇ ਵੀਰਾਂਮਨੀ, ਨਰਿੰਦਰ ਨਾਇਕ ਪ੍ਰਧਾਨ ਫਿਰਾ, ਪ੍ਰਿੰਸ ਏਨ-ਾਰਸ ਪੇਰੀਆਰ, ਵੀ. ਅੰਬੂਰਾਜ, ਵੀਰਾਂਮਨੀ ਰਾਜੂ, ਆਰ. ਤਮਿਲ ਸੇਲਵਨ, ਡਾ. ਸੁਦੇਸ਼ ਘੋਡੇਰਾਓ, ਸੁਮੀਤ ਸਿੰਘ, ਦਮਨਜੀਤ ਕੌਰ, ਆਤਮਾ ਸਿੰਘ, ਲੈਕ. ਰਜਿੰਦਰ ਕੌਰ ਅਤੇ ਦੇਸ਼ ਵਿਦੇਸ਼ ਤੋਂ ਹਜ਼ਾਰਾਂ ਦੀ ਤਦਾਦ ਵਿੱਚ ਵਿਦ-ਵਾਨ, ਸਿੱਖਿਆ ਸ਼ਾਸਤਰੀ, ਬੁਧੀਜੀਵੀ, ਸਮਾਜਿਕ ਕਾਰਕੁੰਨ ਅਤੇ ਵਿਦਿਆਰਥੀ ਮੌਜੂਦ ਸਨ। **ਫੋਟੋ ਤਰਸੇਮ ਦੀਵਾਨਾ**

# ਬੰਦਾ ਅਤੇ ਕੁਦਰਤ

ਨਵੇਂ ਸਾਲ ਨੇ ਕੁਛ 'ਨੀਂ ਕਰਨਾ ,
ਜੋ ਕਰਨੈਂ ਬੰਦਿਆ ਤੈਂ ਕਰਨੈਂ ।
ਅਪਣੀ ਕਰਨੀ ਦਾ ਹਰਜ਼ਾਨਾ ,
ਤੂੰ ਹਰ ਹਾਲਤ ਦੇ ਵਿੱਚ ਭਰਨੈਂ ।
ਜਾਂ ਫ਼ਿਰ ਕੁਦਰਤ ਨੇ ਕਰਨਾ ਐਂ ,
ਤੂੰ ਜਿਸ ਨੂੰ ਨਿੱਤ ਉਜਾੜੀਂ ਜਾਵੇਂ ;
ਖ਼ੁਦ ਅਪਣੀ ਜੜ੍ਹ ਵੱਢੀਂ ਜਾਨੈਂ ,
ਅਪਣੀ ਮੌਤ ਤੋਂ ਵੀ ਨਾ ਡਰਨੈਂ



**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ
ਸਭਾ ਧੂਰੀ ਜ਼ਿਲ੍ਹਾ ਸੰਗਰੂਰ।
9914836037

# ਸਿਆਸਤੀ ਮਛੇਰੇ

ਕੈਲੰਡਰ ਬਦਲ ਜਾਂਦੇ ਨੇ ਜਦ ਸਾਲ ਬਦਲ ਜਾਂਦੇ ਨੇ।
ਭਵਿੱਖ, ਵਰਤਮਾਨ, ਭੂਤ ਕਾਲ ਬਦਲ ਜਾਂਦੇ ਨੇ।

ਗਤੀ ਉਹੀਉ ਰਹਿੰਦੀ ਸਭ ਗ੍ਰਹਿਆਂ, ਉਪ-ਗ੍ਰਹਿਆਂ ਦੀ,
ਸਮੇਂ ਸਮੇਂ ਰੁੱਤਾਂ ਵਾਲ਼ੇ ਹਾਲ ਬਦਲ ਜਾਂਦੇ ਨੇ।

ਥੋੜ੍ਹਾ, ਬਹੁਤ ਫਰਕ ਤਾਂ ਬੇਸ਼ੱਕ ਮਿਲੇ ਵੇਖਣੇ ਨੂੰ,
ਰੰਗ ਪਰ ਕਾਇਨਾਤ ਦੇ ਕਮਾਲ ਬਦਲ ਜਾਂਦੇ ਨੇ।

ਸਿਆਸੀ ਪਲਟੂਆਂ ਦੀ ਪਰ ਹੁੰਦੀ ਕੋਈ ਰੁੱਤ ਨਾ,
ਭਾਰੀ ਹੋਏ ਪੱਲੜੇ ਦੇ ਨਾਲ਼ ਬਦਲ ਜਾਂਦੇ ਨੇ।

ਪੱਗਾਂ, ਟੋਪੀਆਂ ਦੇ ਨਾਲ਼ ਨਾਹਰੇ ਤਬਦੀਲ ਹੁੰਦੇ,
ਭਾਸ਼ਣ, ਬਿਆਨ ਤੇ ਸੁਰ-ਤਾਲ ਬਦਲ ਜਾਂਦੇ ਨੇ।

ਵੋਟਰ ਤਾਂ ਮੱਛੀਆਂ ਘੜਾਮੇਂ ਵਾਲ਼ੇ ਰੋਮੀਆਂ ਜਿਉਂ,
ਸਿਆਸਤੀ ਮਛੇਰਿਆਂ ਦੇ ਜਾਲ ਬਦਲ ਜਾਂਦੇ ਨੇ।



**ਰੋਮੀ ਘੜਾਮਾਂ**
9855281105 (ਵਟਸਪ ਨੰ.)

# ਰੁੱਖ

ਤੂੰ ਕਿਹੜਾ ਹੱਥੀ ਲਾਉਣਾ ,
ਇਹ ਆਪੇ ਈ ਉਗ ਪੈਂਦੇ ਆ ।
ਜਿੰਨਾਂ ਰੁੱਖਾ ਤੇ ਚਲਾਵੇ ਆਰੀ ,
ਦੱਸ ਇਹ ਤੈਨੂੰ ਕੀ ਕਹਿੰਦੇ ਆ....

ਨਹਿਰਾਂ ਦੇ ਕੰਢੇ- ਕੰਢੇ ,
ਜਾਂ ਪਾਸੇ ਇਹ ਰਾਹਵਾਂ ਤੇ।
ਕੁਦਰਤੀ ਉੱਗ ਆਏ ਨੇ ,
ਖਾਲੀ ਪਈਆ ਥਾਵਾਂ ਤੇ ।
ਝੱਖੜ ਝੋਲੇ ਪੱਤਝੜ ਸਭ ,
ਆਪਣੇ ਸਿਰ ਸਹਿੰਦੇ ਆ ।
ਜਿੰਨਾਂ ਰੁੱਖਾ ਤੇ ਚਲਾਵੇ ਆਰੀ ,
ਦੱਸ ਇਹ ਤੈਨੂੰ ਕੀ ਕਹਿੰਦੇ ਆ ....

ਡੇਲੇ, ਅੰਬ ,ਕਰੇਲੇ, ਢੇਉ ,
ਸਭ ਤੋੜ ਆਚਾਰ ਤੂੰ ਪਾਵੇ ।
ਬੇਰ ,ਜਾਮਣਾਂ ਤੇ ਲਸੂੜੇ ,
ਜਿਹੜੇ ਲਾ ਚਟਕਾਰੇ ਖਾਵੇ ।
ਤੇਰੀ ਅੱਗ ਲਾਈ ਤੇ ਝੁਲਸੇ ,
ਸਾਰੇ ਫੇਰ ਵੀ ਚੁੱਪ ਬਹਿੰਦੇ ਆ ।
ਜਿੰਨਾਂ ਰੁੱਖਾ ਤੇ ਚਲਾਵੇ ਆਰੀ ,
ਦੱਸ ਇਹ ਤੈਨੂੰ ਕੀ ਕਹਿੰਦੇ ਆ ....

ਜਿੰਨੇ ਉਚੇ ਕੱਦ ਇਹਨਾਂ ਦੇ ,
ਉਸਤੋ ਉੱਚੀਆਂ ਨੇ ਜਰਾਦਾਂ।
ਮਾਲਕ ਦੀ ਦਿੱਤੀਆਂ ਦਾਤਾਂ ਦਾ ,
ਤੈਥੋ ਸ਼ੁਕਰ ਕੀਤਾ ਨਹੀ ਜਾਂਦਾ ।
ਇਹਨਾਂ ਦੇ ਆਸਰੇ ਚੱਲਦੇ ,
ਸਾਹ ਤੇਰੇ ਇਹ ਰਹਿੰਦੇ ਆ ।
ਜਿੰਨਾਂ ਰੁੱਖਾ ਤੇ ਚਲਾਵੇ ਆਰੀ ,
ਦੱਸ ਇਹ ਤੈਨੂੰ ਕੀ ਕਹਿੰਦੇ ਆ .....

ਘਰ ਦੇ ਵਿਚ ਨੇ ਰੌਣਕ ਤੇਰੇ ,
ਬਾਹਰ ਨੇ ਤੇਰੀ ਜ਼ਰੂਰਤ ।
ਇਹ ਦਾਤੇ ਨੇ ਦਾਤਾਂ ਵੰਡਦੇ ,
ਨਿਰੀ ਪਿਆਰ ਦੀ ਮੂਰਤ ।
ਲਾਲਚ ਦੇ ਵੱਸ ਹੋ ਕੇ 'ਗੁਰੀ',
ਮਹਿਲ ਅਕਲ ਦੇ ਢਹਿੰਦੇ ਆ ।
ਜਿੰਨਾਂ ਰੁੱਖਾ ਤੇ ਚਲਾਵੇ ਆਰੀ ,
ਦੱਸ ਇਹ ਤੈਨੂੰ ਕੀ ਕਹਿੰਦੇ ਆ।



**ਲਵਪ੍ਰੀਤ ਕੌਰ ਗੁਰੀ**

# ਪਾਥੀਆਂ

ਸਾਂਭ ਗੋਹਾ ਕੂੜਾ ਨਾਲ਼ੇ
ਪੱਥਦੀ ਮੈਂ ਪਾਥੀਆਂ
ਪਾਥੀਆਂ ਨੂੰ ਪੱਥ ਕੇ
ਚੁੱਲ੍ਹਾ ਵੀ ਭਖਾਉਣਾ ਏ
ਬੱਚਿਆਂ ਸਕੂਲੇ ਜਾਣਾ
ਗਰਮ ਪਾਣੀ ਕਰ ਨਵਾਉਣਾ ਏ
ਅੱਗ ਨੂੰ ਲਗਾਉਣ ਲਈ ਮੈਂ
ਚੁੱਲ੍ਹੇ ਚ ਲਗਾਤੀਆਂ
ਸਾਂਭ ਚੌਂਕਾ ਚੁੱਲਾ ਨਾਲ਼ੇ
ਪੱਥਦੀ ਮੈਂ ਪਾਥੀਆਂ
ਪਾਥੀਆਂ ਦੀ ਸੰਭਾਲ ਲਈ
ਗੁਹਾਰਾ ਵੀ ਬਣਾਉਣਾ ਏ
ਪੱਥ ਪੱਥ ਪਾਥੀਆਂ ਇਹ
ਅੰਦਰੋਂ ਜਚਾਉਣਾ ਏ
ਬਾਹਰੋਂ ਫ਼ੁੱਲ ਬੂਟੀਆਂ ਪਾ
ਗੁਹਾਰੇ ਚ ਸਜ਼ਾਤੀਆਂ
ਸਾਂਭ ਚੌਂਕਾ ਚੁੱਲਾ ਨਾਲ਼ੇ
ਪੱਥਦੀ ਮੈਂ ਪਾਥੀਆਂ
ਅੱਜ ਗੈਸੀ ਚੁੱਲਿਆਂ ਦਾ
ਰਿਵਾਜ ਬੜਾ ਆਇਆ ਏ
ਘਰ ਘਰ ਗੈਸ ਹੋਗੇ
ਮਿੱਟੀ ਦੇ ਚੁੱਲ੍ਹੇ ਨੂੰ ਭੁਲਾਇਆ ਏ
ਲੋਕੀਂ ਭੁੱਲੇ ਵਿਰਸਾ ਤੇ
ਹੋਰ ਯਾਦਾਂ ਵੀ ਭੁਲਾਤੀਆਂ

ਸਾਂਭ ਚੌਕਾ ਚੁੱਲਾ ਨਾਲ਼ੇ
ਪੱਥਦੀ ਮੈਂ ਪਾਥੀਆਂ
ਮੱਕੀ ਦੀਆਂ ਰੋਟੀਆਂ ਨਾਲ਼
ਸਰੋਂ ਦਾ ਸਾਗ ਵੀ ਸੁਆਦੀ ਲੱਗੇ
ਇਕੱਠੇ ਹੋਣ ਚੁੱਲ੍ਹੇ ਅੱਗੇ
ਮਹਿਫ਼ਿਲ ਵੀ ਡਾਢੀ ਲੱਗੇ
ਰੂਹ ਜੇਹੀ ਖਿੜਦੀ ਜਾਂਦੀ ਬੱਲੀ
ਕੋਈ ਗੱਲਾਂ ਕਰਦਾਂ ਮਜਾਕੀਆ
ਸਾਂਭ ਚੌਂਕਾ ਚੁੱਲ੍ਹਾ ਨਾਲ਼ੇ
ਪੱਥਦੀ ਮੈਂ ਪਾਥੀਆਂ



..... ਬੱਲੀ ਈਲਵਾਲ



# ਨੇਤਰਹੀਣਾਂ ਦੇ ਭਵਿੱਖ ਨੂੰ ਉਜਵਲ ਕਰਨ ਵਾਲਾ- ਲੂਈ ਬਰੇਲ

## ਜਨਮ-ਦਿਨ 'ਤੇ ਵਿਸ਼ੇਸ਼

ਅੱਜ-ਕੱਲ੍ਹ ਉਹਨਾਂ ਛੂਹਣ ਵਾਲੇ ਯੰਤਰਾਂ ਨੂੰ ਬਰੇਲ ਯੰਤਰਾਂ ਦਾ ਨਾਂ ਦਿੱਤਾ ਜਾਂਦਾ ਹੈ, ਜਿਨ੍ਹਾਂ ਦੀ ਵਰਤੋਂ ਨੇਤਰਹੀਣ ਕਰਦੇ ਹਨ। ਉਹ ਛੂਹਣ ਲਿਪੀ ਜਿਸ ਦੀ ਖੋਜ ਲੂਈ ਬਰੇਲ ਨੇ ਨੇਤਰਹੀਣ ਵਿਅਕਤੀਆਂ ਲਈ ਕੀਤੀ, ਉਸ ਲਿਪੀ ਨਾਲ ਉਹਨਾਂ ਦਾ ਨਾਂ ਹੀ ਸਦਾ ਲਈ ਜੁੜ ਗਿਆ ਹੈ। ਬਹੁਤ ਘੱਟ ਪਾਠਕ ਇਸ ਗੱਲ ਤੋਂ ਵਾਕਫ਼ ਹੋਣਗੇ ਕਿ ਇਸ ਲਿਪੀ ਤੋਂ ਪਹਿਲਾਂ ਜਾਂ ਇਸ ਲਿਪੀ ਤੋਂ ਬਾਅਦ ਕਈ ਛੂਹਣ ਲਿਪੀਆਂ ਬਣਾਈਆਂ ਗਈਆਂ ਪਰ ਬਰੇਲ ਦੇ ਮੁਕਾਬਲੇ ਇਹਨਾਂ ਨੂੰ ਅਲੱਗ-ਅਲੱਗ ਢੰਗ ਨਾਲ ਪੜ੍ਹਨਾ-ਲਿਖਣਾ ਮੁਸ਼ਕਲ ਸੀ। ਇਹਨਾਂ ਵਿੱਚੋਂ ਕਿਸੇ ਵੀ ਲਿਪੀ ਵਿੱਚ ਨੇਤਰਹੀਣ ਵਿਅਕਤੀ ਸੁਤੰਤਰਤਾ ਪੂਰਵਕ ਲਿਖ ਨਹੀਂ ਸਕਦੇ ਸੀ। ਬਰੇਲ ਲਿਪੀ ਨੇ ਪਹਿਲੀ ਵਾਰ ਉਹਨਾਂ ਨੂੰ ਪੜ੍ਹਨ ਦੀ ਸਰਲਤਾ ਦੇ ਨਾਲ-ਨਾਲ ਲਿਖਣਾ ਵੀ ਸੌਖਾ ਕਰ ਦਿੱਤਾ। ਲੂਈ ਬਰੇਲ ਦਾ ਜਨਮ 4 ਜਨਵਰੀ 1809 ਈ: ਨੂੰ ਫਰਾਂਸ ਦੀ ਰਾਜਧਾਨੀ ਪੈਰਿਸ ਤੋਂ ਕੁਝ ਦੂਰ ਕੁਵਰੇ ਨਾਂ ਦੇ ਇੱਕ ਛੋਟੇ ਜਿਹੇ ਕਸਬੇ ਵਿੱਚ ਸਵੇਰੇ ਚਾਰ ਵਜੇ ਹੋਇਆ। ਇਹ ਇੱਕ ਅਜਿਹਾ ਸਮਾਂ ਸੀ ਜੋ ਨਵੇਂ ਦਿਨ ਦਾ ਪਹਿਲਾ ਪਲ ਹੁੰਦਾ ਹੈ। ਲੂਈ ਦੇ ਪਿਤਾ ਸਾਈਮਨ ਰੇਨੇ ਆਪਣੇ ਕੰਮ ਵਿੱਚ ਮਾਹਿਰ ਸਨ। ਉਹ ਘੋੜਿਆਂ ਦੀਆਂ ਲਗਾਮਾਂ ਅਤੇ ਜੀਨ ਆਦਿ ਬਣਾਉਣ ਦਾ ਕੰਮ ਕਰਦੇ ਸਨ। ਘਰ ਦੇ ਇੱਕ ਹਿੱਸੇ ਵਿੱਚ ਹੀ ਕਾਰਜਸ਼ਾਲਾ ਸੀ। ਵਰਕਸ਼ਾਪ 'ਚ ਬਹੁਤ ਸਾਰੇ ਤੇਜ਼ਧਾਰ ਵਾਲੇ ਅਤੇ ਨੋਕੀਲੇ ਹਥਿਆਰਾਂ ਦਾ ਹੋਣਾ ਸੰਭਵ ਸੀ। ਬਾਲਕ ਲੂਈ ਜਦ ਚੱਲਣ ਫਿਰਨ ਲੱਗਿਆ ਤਾਂ ਉਸ ਨੂੰ ਘਰ ਦੇ ਅੰਦਰ ਬਣੀ ਕਾਰਜਸ਼ਾਲਾ ਵਿੱਚ ਜਾਣ ਤੋਂ ਰੋਕਣਾ ਸੌਖਾ ਨਹੀਂ ਸੀ। ਉਹ ਆਪਣੇ ਪਿਤਾ ਨੂੰ ਜਦ ਔਜ਼ਾਰਾਂ ਨਾਲ ਚਮੜੇ ਨੂੰ ਕੱਟਦਾ ਅਤੇ ਅਲੱਗ-ਅਲੱਗ ਸ਼ਕਲਾਂ ਵਿੱਚ ਢਾਲਦਿਆਂ ਦੇਖਦਾ ਤਾਂ ਉਸ ਦੇ ਸ਼ਰਾਰਤੀ ਮਨ ਵਿੱਚ ਇਸ ਨੂੰ ਜਾਣਨ ਦੀ ਇੱਛਾ ਵੱਧ ਜਾਂਦੀ। ਉਹ ਇਸ ਨੂੰ ਵੀ ਇੱਕ ਖੇਡ ਸਮਝਦਾ ਸੀ।

1812 ਵਿੱਚ ਉਸ ਦੀ ਉਮਰ ਤਿੰਨ ਸਾਲ ਦੀ ਸੀ। ਉਹ ਬਾਕੀ ਦਿਨਾਂ ਦੀ ਤਰ੍ਹਾਂ ਹੀ ਆਪਣੇ ਪਿਤਾ ਕੋਲ ਵਰਕਸ਼ਾਪ ਵਿੱਚ ਖੇਡ ਰਿਹਾ ਸੀ। ਪਿਤਾ ਦਾ ਧਿਆਨ ਕੁਝ ਦੇਰ ਬੱਚੇ ਵੱਲੋਂ ਪਾਸੇ ਹੋ ਗਿਆ। ਇਸੇ ਸਮੇਂ ਵਿੱਚ ਲੂਈ ਨੇ ਬੈਂਚ ਤੇ ਪਏ ਇੱਕ ਤਿੱਖੇ ਹਥਿਆਰ ਅਤੇ ਚਮੜੇ ਦੇ ਟੁਕੜੇ ਨੂੰ ਚੁੱਕਿਆ। ਚਮੜਾ ਬਹੁਤ ਸਖ਼ਤ ਸੀ। ਇਹ ਉਸ ਤੋਂ ਅਸਾਨੀ ਨਾਲ ਕੱਟਿਆ ਨਹੀਂ ਜਾ ਸਕਿਆ। ਇਸ ਅਸਫਲਤਾ ਤੋਂ ਬਾਅਦ ਬੱਚੇ ਨੇ ਦੂਜੀ ਵਾਰ ਜ਼ਿਆਦਾ ਜ਼ੋਰ ਨਾਲ ਹਥਿਆਰ ਨੂੰ ਚਮੜੇ ਤੇ ਚਲਾਇਆ। ਚਮੜਾ ਕੱਟਿਆ ਨਹੀਂ ਜਾ ਸਕਿਆ ਪਰ ਔਜ਼ਾਰ ਤਿਲਕ ਕੇ ਉਸ ਦੀ ਇੱਕ ਅੱਖ ਵਿੱਚ ਜਾ ਲੱਗਿਆ। ਅੱਖ 'ਚੋਂ ਖ਼ੂਨ ਵਗਣ ਲੱਗ ਪਿਆ। ਹੌਲੀ-ਹੌਲੀ ਅੱਖ ਖ਼ਰਾਬ ਹੋਣ ਲੱਗੀ ਅਤੇ ਉਸ ਦੀ ਨਿਗ੍ਹਾ ਘਟਣ ਲੱਗ ਪਈ। ਇਸ ਦਾ ਅਸਰ ਉਸ ਦੀ ਦੂਜੀ ਅੱਖ 'ਤੇ ਪਿਆ। ਉਸ ਦੀ ਦੂਜੀ ਅੱਖ ਦੀ ਨਿਗ੍ਹਾ ਵੀ ਕਮਜ਼ੋਰ ਹੋਣ ਲੱਗ ਪਈ। ਅਖੀਰ ਪੰਜ ਸਾਲ ਦੀ ਉਮਰ ਤੱਕ ਪਹੁੰਚਦਿਆਂ ਹੀ ਲੂਈ ਪੂਰੀ ਤਰ੍ਹਾਂ ਨੇਤਰਹੀਣ ਹੋ ਗਿਆ।

ਉਹ ਬਹੁਤ ਹੀ ਹੁਸ਼ਿਆਰ ਲੜਕਾ ਸੀ। ਉਸ ਦੇ ਮਾਤਾ-ਪਿਤਾ ਉਸ ਨੂੰ ਦੂਜੇ ਬੱਚਿਆਂ ਵਾਂਗ ਸਕੂਲ ਭੇਜਣਾ ਚਾਹੁੰਦੇ ਸੀ। ਸੰਜੋਗ ਨਾਲ ਕੁਵਰੇ ਦੇ ਸਕੂਲ ਦੇ ਹੈੱਡਮਾਸਟਰ ਦੇ ਵਿਚਾਰ ਵੀ ਨੇਤਰਹੀਣਾਂ ਦੇ ਮਾਮਲੇ ਵਿੱਚ ਦੂਜਿਆਂ ਨਾਲੋਂ ਅਲੱਗ ਸਨ। ਉਹਨਾਂ ਨੇ ਲੂਈ ਨੂੰ ਪਿੰਡ ਦੇ ਦੂਸਰੇ ਬੱਚਿਆਂ ਨਾਲ ਪੜ੍ਹਨ ਦੀ ਪ੍ਰਵਾਨਗੀ ਦੇ ਦਿੱਤੀ। ਲੂਈ ਕਿਸ ਉਮਰ ਵਿੱਚ ਸਕੂਲ 'ਚ ਗਿਆ ਅਤੇ ਕਿੰਨੀ ਉਮਰ ਤੱਕ ਉਸ ਨੇ ਸਕੂਲ ਵਿੱਚ ਵਿੱਦਿਆ ਪ੍ਰਾਪਤ ਕੀਤੀ ਇਸ ਬਾਰੇ ਜਾਣਕਾਰੀ ਪ੍ਰਾਪਤ ਨਹੀਂ ਹੈ। ਪ੍ਰੰਤੂ ਸਕੂਲ ਦੇ 1818 ਦੇ ਹਾਜ਼ਰੀ ਰਜਿਸਟਰ ਵਿੱਚ ਉਸ ਦਾ ਨਾਮ ਜ਼ਰੂਰ ਦਰਜ ਹੈ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਇਹ ਸਮਾਂ ਕਿੰਨਾ ਵੀ ਹੋਵੇ ਪਰ ਉਹ ਸਕੂਲ ਦਾ ਵਿਦਿਆਰਥੀ ਰਿਹਾ ਹੈ। ਹੈੱਡਮਾਸਟਰ ਨੇ ਉਸ ਨੂੰ ਸਕੂਲ ਵਿੱਚ ਦਾਖ਼ਲ ਜ਼ਰੂਰ ਕੀਤਾ ਪਰ ਉਸ ਨੂੰ ਇਹ ਵੀ ਪਤਾ ਨਹੀਂ ਸੀ ਕਿ ਨੇਤਰਹੀਣ ਬੱਚੇ ਨੂੰ ਜ਼ੁਬਾਨੀ ਵਿੱਦਿਆ ਤੋਂ ਇਲਾਵਾ ਪੜ੍ਹਨ-ਲਿਖਣ ਦੀ ਵਿੱਦਿਆ ਕਿਸ ਤਰ੍ਹਾਂ ਦਿੱਤੀ ਜਾਂਦੀ ਹੈ। ਬਰੇਲ ਪਰਿਵਾਰ ਦੇ ਇੱਕ ਨੇੜੇ ਦੇ ਵਿਅਕਤੀ ਦੀ ਸੂਚਨਾ ਅਨੁਸਾਰ ਲੂਈ ਦੇ ਪਿਤਾ ਨੇ ਇਸ ਮੁਸ਼ਕਲ ਦਾ ਹੱਲ ਆਪਣੇ ਢੰਗ ਨਾਲ ਲੱਭਣ ਦੀ ਕੋਸ਼ਿਸ਼ ਕੀਤੀ। ਉਹਨਾਂ ਨੇ ਲੱਕੜ ਦੇ ਫੱਟੇ ਤੇ ਕਿੱਲਾਂ ਠੋਕ ਕੇ ਅੱਖਰਾਂ ਦੀ ਬਣਾਵਟ ਨੂੰ ਛੂਹ ਕੇ ਪੜ੍ਹਨ ਲਈ ਤਿਆਰ ਕੀਤਾ ਤਾਂ ਕਿ ਲੂਈ ਛੂਹ ਕੇ ਪੜ੍ਹ ਸਕੇ। ਇਸ ਵਿੱਚ ਸਿਰਫ ਸਾਈਮਨ ਰੇਨੇ ਦਾ ਦਿਮਾਗ਼ ਕੰਮ ਕਰ ਰਿਹਾ ਸੀ ਜਾਂ ਹੈੱਡਮਾਸਟਰ ਦੀ ਸਲਾਹ, ਇਸ ਬਾਰੇ ਕੁਝ ਕਿਹਾ ਨਹੀਂ ਜਾ ਸਕਦਾ। ਇਸ ਦੌਰਾਨ ਪੈਰਿਸ ਦੇ ਨੇਤਰਹੀਣ ਸਕੂਲ ਵਿੱਚ ਲੂਈ ਨੂੰ ਦਾਖ਼ਲ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਸਕੂਲ ਦੇ ਪ੍ਰਧਾਨ ਨੇ ਇਜਾਜ਼ਤ ਦੇ ਦਿੱਤੀ ਅਤੇ ਫਰਵਰੀ 1819 ਈ: ਨੂੰ ਲੂਈ ਨੇ ਨੇਤਰਹੀਣਾਂ ਦੇ ਸਕੂਲ ਵਿੱਚ ਦਾਖ਼ਲਾ ਲੈ ਲਿਆ। ਦਾਖ਼ਲ ਹੋਣ ਉਪਰੰਤ ਲੂਈ ਨੇ ਸਕੂਲ ਵਿੱਚ ਪੜ੍ਹਾਏ (ਸਿਖਾਏ) ਜਾਣ ਵਾਲੇ ਵਿਸ਼ਿਆਂ ਨੂੰ ਬੜੀ ਮਿਹਨਤ ਨਾਲ ਸਿੱਖਿਆ। ਆਪਣੀ ਲਗਨ ਅਤੇ ਸਖ਼ਤ ਮਿਹਨਤ ਨਾਲ ਉਸ ਨੇ ਅਧਿਆਪਕਾਂ ਤੇ ਮੁੱਖ ਅਧਿਆਪਕ ਨੂੰ ਕਾਫ਼ੀ ਪ੍ਰਭਾਵਿਤ ਕੀਤਾ।

1821 ਵਿੱਚ ਲੂਈ ਦੇ ਅਧਿਆਪਕ ਅਤੇ ਸਕੂਲ ਦੇ ਮੁੱਖ ਅਧਿਆਪਕ ਪਿਗਨੀਅਰ ਨੇ ਬਾਅਦ ਵਿੱਚ ਆਪਣੇ ਹੁਸ਼ਿਆਰ ਵਿਦਿਆਰਥੀ ਬਾਰੇ ਲਿਖਿਆ, ''ਉਸ ਨੇ ਆਪਣੀ ਤੇਜ਼ ਬੁੱਧੀ ਦੀ ਮਦਦ ਨਾਲ ਅਤੇ ਮਿਹਨਤ ਦੇ ਅਧਾਰ ਤੇ ਜਲਦੀ ਹੀ ਆਪਣਾ ਇੱਕ ਵਿਸ਼ੇਸ਼ ਸਥਾਨ ਬਣਾ ਲਿਆ। ਉਹ ਕਲਪਨਾ ਦਾ ਧਨੀ ਸੀ ਪ੍ਰੰਤੂ ਹਮੇਸ਼ਾਂ ਉਸ ਨੂੰ ਤਰਕ ਵਿੱਚ ਬੰਨ੍ਹ ਕੇ ਰੱਖਦਾ ਸੀ।

ਜਾਨ ਰਾਬਲਿਨ ਅਨੁਸਾਰ ਉਸ ਸਕੂਲ 'ਚ ਦਾਖ਼ਲ ਹੋਣ ਦੇ ਦੋ ਸਾਲ ਵਿੱਚ ਹੀ ਲੂਈ ਨੂੰ ਆਪਣੀ ਉੱਚ ਕਲਪਨਾ ਸ਼ਕਤੀ ਅਤੇ ਤਰਕ ਦੋਹਾਂ ਨੂੰ ਸਹੀ ਰੂਪ ਵਿੱਚ ਪ੍ਰਯੋਗ ਕਰਨ ਦਾ ਇੱਕ ਸੁਨਹਿਰੀ ਮੌਕਾ ਮਿਲਿਆ ਜੋ ਸਹੀ ਰੂਪ ਵਿੱਚ ਚੁਣੌਤੀ ਭਰਿਆ ਸੀ। ਫਰਾਂਸੀਸੀ ਤੋਪਖਾਨੇ ਦੇ ਇੱਕ ਅਧਿਕਾਰੀ ਚਾਰਲਸ ਬਾਰਬਰੀਅਰ ਨੇ ਸੈਨਾ ਵਿੱਚ ਗੁਪਤ ਸੰਕੇਤਾਂ ਦਾ ਪ੍ਰੀਖਣ ਕਰਨ ਲਈ ਰਾਤ ਲੇਖਣ ਪ੍ਰਣਾਲੀ ਦੀ ਖੋਜ ਕੀਤੀ। ਉਸ ਨੂੰ ਲੱਗਿਆ ਕਿ ਇਸ ਦਾ ਪ੍ਰਯੋਗ ਨੇਤਰਹੀਣਾਂ ਲਈ ਲਾਹੇਵੰਦ ਸਿੱਧ ਹੋ ਸਕਦਾ ਹੈ। ਇਹ ਸੋਚ ਕੇ ਚਾਰਲਸ ਨੇ 11 ਅਪ੍ਰੈਲ 1821 ਨੂੰ ਲਿਖੇ ਆਪਣੇ ਇੱਕ ਪੱਤਰ ਵਿੱਚ ਨੇਤਰਹੀਣਾਂ ਦੇ ਸਕੂਲ ਦੇ ਮੁੱਖ ਅਧਿਆਪਕ ਨੂੰ ਆਪਣੀ ਇਸ ਪ੍ਰਣਾਲੀ ਬਾਰੇ ਦੱਸਿਆ। ਉਹ ਬਹੁਤ ਖ਼ੁਸ਼ ਹੋਏ ਅਤੇ ਇੱਕ ਹਫ਼ਤੇ ਦੇ ਵਿੱਚ ਹੀ ਚਾਰਲਸ ਨੂੰ ਇੱਕ ਪ੍ਰਸ਼ੰਸਾ ਭਰਿਆ ਪੱਤਰ ਲਿਖਿਆ। 30 ਅਕਤੂਬਰ ਨੂੰ ਪਿਗਨੀਅਰ ਨੇ ਚਾਰਲਸ ਨੂੰ ਚਿੱਠੀ (ਪੱਤਰ) ਦੁਆਰਾ



ਦੱਸਿਆ ਕਿ ਵਿਦਿਆਰਥੀ ਛੁੱਟੀਆਂ ਤੋਂ ਬਾਅਦ ਹੀ ਰਾਤ ਲੇਖਣ ਪ੍ਰਣਾਲੀ ਨੂੰ ਸਿੱਖਣ ਲਈ ਜ਼ਿਆਦਾ ਸਮਾਂ ਦੇ ਸਕਣਗੇ। ਲੂਈ ਇਹਨਾਂ ਵਿਦਿਆਰਥੀਆਂ ਵਿੱਚ ਸ਼ਾਮਲ ਸੀ। ਰਾਤ ਲੇਖਣ ਪ੍ਰਣਾਲੀ 12 ਬਿੰਦੂਆਂ ਤੇ ਆਧਾਰਿਤ ਸੀ। ਹੋਰ ਸੀਮਾਵਾਂ ਦੇ ਨਾਲ ਸਮੂਹ ਨਿਰਧਾਰਤ ਕੀਤੇ ਗਏ ਸਨ ਜੋ ਕੁਝ ਨਿਸ਼ਚਿਤ ਆਵਾਜ਼ਾਂ ਤੇ ਆਧਾਰਿਤ ਸਨ। ਇਸ ਵਿੱਚ ਵਿਸ਼ਰਾਮ ਚਿੰਨ੍ਹਾਂ ਦੀ ਵਿਵਸਥਾ ਨਹੀਂ ਸੀ। ਲੂਈ ਨੇ ਮਿਲਣ ਸਮੇਂ ਇਹਨਾਂ ਸੀਮਾਵਾਂ ਵੱਲ ਚਾਰਲਸ ਬਾਰਬਰੀਅਰ ਦਾ ਧਿਆਨ ਦਿਵਾਇਆ। ਕਪਤਾਨ ਬਾਰਬਰੀਅਰ ਦਾ ਇਸ ਪ੍ਰਤੀਕਿਰਿਆ ਨਾਲ ਉਤਸ਼ਾਹ ਘੱਟ ਨਹੀਂ ਹੋਇਆ। ਉਹ ਆਪਣੇ ਕੰਮ ਨੂੰ ਅੱਗੇ ਵਧਾਉਣ ਵਿੱਚ ਲੱਗਿਆ ਰਿਹਾ।

ਦੂਜੇ ਪਾਸੇ ਲੂਈ ਨੇ ਇਸ ਨੂੰ ਆਧਾਰ ਬਣਾ ਕੇ, ਨੇਤਰਹੀਣਾਂ ਲਈ ਪੜ੍ਹਨ-ਲਿਖਣ ਦਾ ਮਾਧਿਅਮ ਤਿਆਰ ਕਰਨ ਲਈ ਇੱਕ ਖ਼ਾਸ ਲਿਪੀ ਬਣਾਉਣ ਦਾ ਨਿਸ਼ਚਾ ਕਰ ਲਿਆ ਤੇ ਉਸ ਲਈ ਮਿਹਨਤ ਕਰਨ ਲੱਗਾ। ਉਸ ਨੇ 1829 ਵਿੱਚ ਛੇ ਬਿੰਦੂਆਂ ਉੱਤੇ ਆਧਾਰਿਤ ਅੱਖਰ ਮਾਲਾ ਬਣਾਈ। ਉੱਪਰ ਤੋਂ ਥੱਲੇ ਤੱਕ ਇਹਨਾਂ 6 ਬਿੰਦੂਆਂ ਨੂੰ ਤਿੰਨ-ਤਿੰਨ ਦੀਆਂ ਦੋ ਲਾਈਨਾਂ ਵਿੱਚ ਜੋੜ ਕੇ ਲਿਖਿਆ ਗਿਆ। ਇਹਨਾਂ ਛੇ ਬਿੰਦੂਆਂ ਨੂੰ ਵੱਖ-ਵੱਖ ਰੂਪਾਂ ਅਤੇ ਸਥਿਤੀ ਵਿੱਚ ਰੱਖ ਕੇ 63 ਵਾਕ ਬਣਤਰਾਂ ਬਣਾਈਆਂ।



ਇਹ ਇੱਕ ਸੰਪੂਰਨ ਪ੍ਰਣਾਲੀ ਸੀ। ਇਸ ਵਿੱਚ ਵੱਖ-ਵੱਖ ਅੱਖਰਾਂ ਲਈ ਵਿਸ਼ੇਸ਼ ਚਿੰਨ੍ਹ ਸੰਭਵ ਸਨ ਅਤੇ ਵਿਸ਼ਰਾਮ ਚਿੰਨ੍ਹ ਵੀ ਮਿਲਦੇ ਸਨ। ਇਸ ਤੋਂ ਬਾਅਦ ਦੇ ਵਿਗਿਆਨਕ ਪ੍ਰਯੋਗਾਂ ਦੁਆਰਾ ਇਹ ਸਿੱਧ ਹੋ ਗਿਆ ਕਿ ਲੂਈ ਬਰੇਲ ਦੁਆਰਾ ਦਰਸਾਏ ਗਏ 6 ਬਿੰਦੂਆਂ ਤੇ ਆਧਾਰਿਤ ਵਿਭਿੰਨ ਵਾਕ ਬਣਤਰਾਂ ਨੂੰ ਉਂਗਲ ਦੇ ਅਗਲੇ ਹਿੱਸੇ ਨਾਲ ਅਸਾਨੀ ਨਾਲ ਪੜ੍ਹਿਆ ਜਾ ਸਕਦਾ ਹੈ। ਕਪਤਾਨ ਬਾਰਬਰੀਅਰ ਨੇ ਵੀ ਇਸ ਪ੍ਰਣਾਲੀ ਦੀ ਪ੍ਰਸ਼ੰਸਾ ਕਰਦਿਆਂ 31 ਮਾਰਚ 1833 ਨੂੰ ਲਿਖੇ ਪੱਤਰ ਵਿੱਚ ਲੂਈ ਨੂੰ ਕਿਹਾ, ''ਨਜ਼ਰ ਤੋਂ ਵਾਂਝੇ ਵਿਅਕਤੀਆਂ ਦੇ ਵਿਸ਼ੇਸ਼ ਉਪਯੋਗ ਲਈ ਤੁਹਾਡੇ ਦੁਆਰਾ ਤਿਆਰ ਕੀਤੀ ਗਈ ਵਿਧੀ ਨੂੰ ਬਹੁਤ ਰੁਚੀ (ਦਿਲਚਸਪੀ) ਨਾਲ ਪਰਖਿਆ ਹੈ। ਇੰਨੀ ਡੂੰਘਾਈ ਤੇਜ਼ੀ ਨਾਲ ਸਫਲਤਾ ਉਸ ਰਾਹ ਵੱਲ ਇਸ਼ਾਰਾ ਹੈ ਜਿਸ ਵੱਲ ਤੁਹਾਡੇ ਚੰਗੇ ਵਿਚਾਰ ਤੁਹਾਨੂੰ ਪ੍ਰਸਿੱਧੀ ਦਿਵਾਉਣਗੇ।

ਲੂਈ ਨੇ ਆਪਣੇ ਕੰਮ ਨੂੰ 1834 ਤੱਕ ਪੂਰਨ ਰੂਪ ਦੇ ਦਿੱਤਾ। ਉਹ ਜਾਣਦੇ ਸਨ ਕਿ ਉਹਨਾਂ ਦੀ ਲਿਪੀ ਦੀ ਉਪਯੋਗਤਾ ਉਸ ਸਮੇਂ ਤੱਕ ਅਧੂਰੀ ਰਹੇਗੀ ਜਦ ਤੱਕ ਉਸ ਵਿੱਚ ਸੰਗੀਤ ਦੇ ਸੁਰਾਂ ਦੀ ਲਿਪੀ ਦੀ ਵਰਤੋਂ ਨਾ ਕੀਤੀ ਜਾ ਸਕੇ। ਉਹਨਾਂ 1837 ਵਿੱਚ ਬਰੇਲ ਸਵਰ ਲਿਪੀ ਨੂੰ ਪ੍ਰਕਾਸ਼ਿਤ ਕੀਤਾ। ਇਸ ਦੌਰਾਨ ਲੂਈ ਨੂੰ 1828 ਵਿੱਚ ਉਸੇ ਸਕੂਲ ਵਿੱਚ ਅਧਿਆਪਕ ਦੇ ਤੌਰ ਤੇ ਨਿਯੁਕਤ ਕਰ ਲਿਆ ਗਿਆ। ਉਹ ਇਸ ਕੰਮ ਨੂੰ ਅਧਿਆਪਕ ਕਿੱਤੇ ਦੇ ਨਾਲ-ਨਾਲ ਕਰਦੇ ਰਹੇ। ਆਪਣੇ ਵੱਲੋਂ ਉਹ ਬਰੇਲ ਲਿਪੀ ਨੂੰ ਅੰਤਿਮ ਰੂਪ ਦੇ ਚੁੱਕੇ ਸਨ ਪਰ ਸਕੂਲ ਦੇ ਅਧਿਕਾਰੀਆਂ ਨੇ ਹਾਲੇ ਉਹਨਾਂ ਨੂੰ ਮਾਨਤਾ ਨਹੀਂ ਦਿੱਤੀ ਸੀ। ਸਿਰਫ਼ ਸ਼ਾਮ ਦੇ ਸਮੇਂ ਇਸ ਪ੍ਰਣਾਲੀ ਦਾ ਅਭਿਆਸ ਵਿਦਿਆਰਥੀਆਂ ਨੂੰ ਕਰਾਉਣ ਲਈ ਪ੍ਰਵਾਨਗੀ ਜ਼ਰੂਰ ਮਿਲ ਗਈ ਸੀ। ਵਿਦਿਆਰਥੀਆਂ ਨੂੰ ਉਸ ਸਮੇਂ ਸਿਖਾਈ ਜਾਂਦੀ ਰੇਖਾ ਪ੍ਰਣਾਲੀ ਦੇ ਮੁਕਾਬਲੇ ਬਰੇਲ ਬਹੁਤ ਸੌਖੀ ਅਤੇ ਅਧਿਕ ਉਪਯੋਗੀ ਲੱਗਦੀ ਸੀ।

ਰੇਖਾ ਪ੍ਰਣਾਲੀ ਰੋਮਨ ਅੱਖਰਾਂ ਦੇ ਵੱਡੇ ਸਪਰਸ਼ ਰੂਪਾਂ ਤੇ ਆਧਾਰਿਤ ਸੀ। ਇਸ ਤਰੀਕੇ ਨਾਲ ਬਹੁਤ ਹੀ ਹੌਲੀ ਗਤੀ ਨਾਲ ਪੜ੍ਹ ਸਕਣਾ ਸੰਭਵ ਸੀ, ਪ੍ਰੰਤੂ ਲਿਖਣਾ ਸੰਭਵ ਨਹੀਂ ਸੀ। ਸਕੂਲ ਦੇ ਨਵੇਂ ਮੁੱਖ ਅਧਿਆਪਕ ਦਫੋ ਦੇ ਵਿਵਹਾਰ ਨੇ ਲੂਈ ਨੂੰ ਹੋਰ ਵੀ ਦੁਖੀ ਕੀਤਾ ਕਿਉਂਕਿ ਉਹ ਬਰੇਲ ਲਿਪੀ ਨੂੰ ਪਸੰਦ ਨਹੀਂ ਕਰਦਾ ਸੀ। ਹਾਂ, ਕੁਝ ਸਾਲਾਂ ਬਾਅਦ ਸਕੂਲ ਦੇ ਉਪ ਮੁੱਖ ਅਧਿਆਪਕ ਗਵਾਦੇ ਨੇ ਇਸ ਪ੍ਰਣਾਲੀ ਦੇ ਮਹੱਤਵ ਨੂੰ ਸਮਝਿਆ ਅਤੇ 22 ਫ਼ਰਵਰੀ 1844 ਨੂੰ ਆਯੋਜਿਤ ਇੱਕ ਸਮਾਰੋਹ ਵਿੱਚ ਸਰਵਜਨਕ ਰੂਪ ਵਿੱਚ ਪ੍ਰਸ਼ੰਸਾ ਕੀਤੀ। ਇਸ ਪ੍ਰਸ਼ੰਸਾ ਨੇ ਵਿਦਿਆਰਥੀਆਂ ਨੂੰ ਬਰੇਲ ਦਾ ਪ੍ਰਯੋਗ ਕਰਨ ਲਈ ਉਤਸ਼ਾਹਤ ਕੀਤਾ ਜੋ ਲੂਈ ਲਈ ਬਹੁਤ ਖ਼ੁਸ਼ੀ ਦੀ ਗੱਲ ਸੀ।

ਲੂਈ ਦੀ ਇੱਕ ਹੋਰ ਮਹੱਤਵਪੂਰਨ ਖੋਜ ਰੈਫੀਗ੍ਰਾਫੀ ਸੀ। ਇਸ ਵਿੱਚ ਰੋਮਨ ਅੱਖਰਾਂ ਨੂੰ ਲਿਖਣ ਲਈ ਬਿੰਦੂਆਂ ਨੂੰ ਕਰਮ ਵਿੱਚ ਉਭਾਰਿਆ ਜਾਂਦਾ ਸੀ। ਇਸ ਲਈ ਉਹਨਾਂ ਨੇ ਉਪਕਰਣ ਦਾ ਨਿਰਮਾਣ ਕੀਤਾ। ਰੈਫੀਗ੍ਰਾਫੀ ਦੇ ਮਾਧਿਅਮ ਦੁਆਰਾ ਨੇਤਰਹੀਣ ਵਿਅਕਤੀ ਆਪਣੇ ਸੁਜਾਖੇ ਦੋਸਤਾਂ-ਮਿੱਤਰਾਂ ਨੂੰ ਚਿੱਠੀ-ਪੱਤਰ ਲਿਖ ਸਕਦੇ ਸਨ। ਲੂਈ ਆਪਣੇ ਮਿੱਤਰਾਂ ਅਤੇ ਪਰਿਵਾਰ ਦੇ ਵਿਅਕਤੀਆਂ ਨੂੰ ਪੱਤਰ ਲਿਖਣ ਲਈ ਇਸੇ ਮਾਧਿਅਮ ਦਾ ਪ੍ਰਯੋਗ ਕਰਦਾ ਸੀ। ਇਸ ਸੰਬੰਧ ਵਿੱਚ ਉਹਨਾਂ ਨੇ 1839 ਵਿੱਚ ਆਪਣਾ ਸਪਸ਼ਟੀਕਰਣ ਪ੍ਰਕਾਸ਼ਿਤ ਕੀਤਾ। ਕੁਝ ਲੋਕਾਂ ਦਾ ਮੰਨਣਾ ਹੈ ਕਿ ਟਾਈਪਰਾਈਟਰ ਦਾ ਨਿਰਮਾਣ ਇਸੇ ਪ੍ਰਣਾਲੀ ਨੂੰ ਵੇਖ ਕੇ ਕੀਤਾ ਗਿਆ।

ਸੰਨ 1838 ਈ: ਵਿੱਚ ਫਰਾਂਸੀਸੀ ਵਿਦਵਾਨ ਅਤੇ ਰਾਸ਼ਟਰੀ ਅਸੈਂਬਲੀ ਦੇ ਇੱਕ ਮੈਂਬਰ ਲਮਾਰਤਿਨ ਨੇ ਸਕੂਲ ਨੂੰ ਦੇਖਣ ਤੋਂ ਬਾਅਦ ਅਸੈਂਬਲੀ ਵਿੱਚ ਸਕੂਲ ਲਈ ਨਵੇਂ ਭਵਨ ਦੇ ਲਈ ਧਨ-ਰਾਸ਼ੀ ਦੇਣ ਵਾਸਤੇ ਪ੍ਰਸਤਾਵ ਰੱਖਿਆ ਅਤੇ ਉਸ ਨੂੰ ਸਵੀਕਾਰ ਕਰ ਲਿਆ ਗਿਆ। 11 ਨਵੰਬਰ 1843 ਨੂੰ ਸਕੂਲ ਦੀਆਂ ਗਤੀਵਿਧੀਆਂ ਨੂੰ ਨਵੇਂ ਭਵਨ ਵਿੱਚ ਤਬਦੀਲ ਕਰ ਦਿੱਤਾ ਗਿਆ। ਸਕੂਲ ਦੇ ਅਧਿਆਪਕ ਦੇ ਰੂਪ ਵਿੱਚ ਲੂਈ ਨੂੰ ਵੀ ਨਵੀਂ ਇਮਾਰਤ 'ਚ ਜਾਣ ਅਤੇ ਰਹਿਣ ਦਾ ਮੌਕਾ ਮਿਲਿਆ ਕਿਉਂਕਿ ਉਹ ਸਕੂਲ ਦੀ ਪ੍ਰਯੋਗਸ਼ਾਲਾ ਵਿੱਚ ਹੀ ਰਹਿੰਦੇ ਸਨ ਪਰ ਲਗਾਤਾਰ ਸਖ਼ਤ ਮਿਹਨਤ ਤੇ ਸਿੱਲ੍ਹ ਵਾਲੀ ਇਮਾਰਤ 'ਚ ਰਹਿਣ ਨੇ ਉਸ ਦੇ ਸਰੀਰ ਤੇ ਬੁਰਾ ਪ੍ਰਭਾਵ ਪਾਇਆ ਜਿਸ ਦੇ ਫਲਸਰੂਪ ਉਸ ਨੂੰ ਸਮੇਂ ਦੀ ਪ੍ਰਚਲਿਤ ਜਾਨ-ਲੇਵਾ ਬਿਮਾਰੀ ਛੂਤ ਨੇ ਘੇਰ ਲਿਆ। ਛੂਤ ਦੇ ਰੋਗ ਦੇ ਲੱਛਣ ਪਹਿਲੀ ਵਾਰ 1835 ਵਿੱਚ ਦਿਖਾਈ ਦਿੱਤੇ। ਇੱਕ ਸਥਿਤੀ ਇਹੋ ਜਿਹੀ ਵੀ ਆਈ ਕਿ ਉਹ ਆਪਣੇ ਆਪ ਨੂੰ ਅਰੋਗ ਸਮਝਣ ਲੱਗੇ ਪਰ 1844 ਵਿੱਚ ਉਹਨਾਂ ਦੀ ਹਾਲਤ ਤੇਜ਼ੀ ਨਾਲ ਵਿਗੜਨ ਲੱਗੀ। ਉਹਨਾਂ ਨੇ ਆਪਣਾ ਅਧਿਆਪਕ ਦਾ ਕੰਮ ਥੋੜ੍ਹੇ ਸਮੇਂ ਲਈ ਛੱਡ ਦਿੱਤਾ। 1847 ਈ: ਵਿੱਚ ਸਕੂਲ ਦੇ ਅਧਿਕਾਰੀਆਂ ਨੇ ਉਹਨਾਂ ਨੂੰ ਫਿਰ ਘਰ ਤੋਂ ਕੰਮ ਕਰਨ ਦੀ ਇਜਾਜ਼ਤ ਦੇ ਦਿੱਤੀ। ਤਿੰਨ ਸਾਲ ਬਾਅਦ ਲੂਈ ਨੇ ਵੱਧਦੀ ਹੋਈ ਕਮਜ਼ੋਰੀ ਦੇ ਕਾਰਨ ਆਪਣਾ ਸਕੂਲ ਛੱਡ ਦਿੱਤਾ। ਨੌਕਰੀ ਛੱਡਣ ਤੋਂ ਬਾਅਦ ਵੀ ਉਹ ਉੱਥੇ ਹੀ ਰਹੇ ਅਤੇ ਕਦੇ-ਕਦਾਈਂ ਪਿਆਨੋ ਸਿਖਾਇਆ ਕਰਦੇ ਸੀ। ਦਸੰਬਰ 1851 ਈ: ਵਿੱਚ ਉਹਨਾਂ ਦੀ ਤਬੀਅਤ ਕਾਫ਼ੀ ਖ਼ਰਾਬ ਹੋ ਗਈ। 18 ਦਸੰਬਰ ਨੂੰ ਉਹਨਾਂ ਨੂੰ ਸਕੂਲ ਦੇ ਹਸਪਤਾਲ ਵਿੱਚ ਦਾਖ਼ਲ ਹੋਣਾ ਪਿਆ। ਉਹ ਆਪਣੀ ਮੌਤ ਨੂੰ ਨਜ਼ਦੀਕ ਵੇਖ ਰਹੇ ਸਨ। ਇਸ ਲਈ ਉਹਨਾਂ ਨੇ ਆਪਣੀ ਵਸੀਅਤ ਤਿਆਰ ਕਰਵਾਈ। ਇੱਕ ਮਹਾਨ ਖੋਜੀ, ਇਕੱਲਾ ਅਤੇ ਜ਼ਰੂਰੀ ਸਮਾਜਿਕ ਮਾਨਤਾ ਪ੍ਰਾਪਤ ਕੀਤੇ ਬਗ਼ੈਰ ਮੌਤ ਨਾਲ ਲੜ ਰਿਹਾ ਸੀ। ਅਜਿਹੀ ਹਾਲਤ ਵਿੱਚ ਵੀ ਆਪਣੀ ਵਸੀਅਤ ਵਿੱਚ ਦੂਸਰੇ ਲੋਕਾਂ ਦੇ ਨਾਲ-ਨਾਲ ਉਹਨਾਂ ਨੇ ਆਪਣੇ ਨਾਲ ਇੱਧਰ ਉੱਧਰ ਜਾਣ ਵਾਲੇ ਛੋਟੇ ਲੜਕੇ, ਆਪਣੀ ਨਰਸ ਅਤੇ ਕਮਰਾ ਸਾਫ਼ ਕਰਨ ਵਾਲੇ ਸਫ਼ਾਈ ਕਰਮਚਾਰੀ ਨੂੰ ਵੀ ਯਾਦ ਰੱਖਿਆ।

ਆਪਣੇ ਪਰਿਵਾਰ ਦੇ ਉਹਨਾਂ ਸਾਰੇ ਕਾਗ਼ਜ਼ਾਂ ਨੂੰ ਖੁਰਦ ਬੁਰਦ ਕਰ ਦੇਣ ਲਈ ਕਿਹਾ ਜਿਨ੍ਹਾਂ ਵਿੱਚ ਉਹਨਾਂ ਤੋਂ ਕਰਜ਼ਾ ਲੈਣ ਵਾਲੇ ਲੋਕਾਂ ਦੇ ਨਾਂ ਅਤੇ ਉਸ ਨਾਲ ਸੰਬੰਧਿਤ ਜਾਣਕਾਰੀ ਸੀ। ਲੂਈ ਨੇ ਆਪਣਾ 44ਵਾਂ ਜਨਮ-ਦਿਨ ਹਸਪਤਾਲ ਵਿੱਚ ਮਨਾਇਆ। 6 ਜਨਵਰੀ 1852 ਨੂੰ ਉਹਨਾਂ ਦੀ ਹਾਲਤ ਤੇਜ਼ੀ ਨਾਲ ਖ਼ਰਾਬ ਹੋ ਗਈ ਅਤੇ ਦੁਪਹਿਰ ਹੁੰਦੇ ਤੱਕ ਉਹ ਬੋਲਣ ਵਿੱਚ ਔਖ ਮਹਿਸੂਸ ਕਰਨ ਲੱਗੇ। ਲੂਈ ਦੇ ਨੇੜਲੇ ਮਿੱਤਰ ਕੋਲਤਾਤ ਅਨੁਸਾਰ ਸਾਢੇ ਸੱਤ ਵਜੇ ਲੂਈ ਨੇ ਆਪਣੀ ਪਵਿੱਤਰ ਆਤਮਾ ਨੂੰ ਪਰਮਾਤਮਾ ਦੇ ਸਪੁਰਦ ਕਰ ਦਿੱਤਾ। ਸ਼ਾਮ ਦੇ ਸੂਰਜ ਛਿਪਣ ਦੇ ਨਾਲ-ਨਾਲ ਇਹ ਸੂਰਜ ਵੀ ਛਿਪ ਗਿਆ। ਲੂਈ ਦੇ ਮ੍ਰਿਤਕ ਸਰੀਰ ਨੂੰ ਉਹਨਾਂ ਦੇ ਜਨਮ-ਅਸਥਾਨ ਕੁਵਰੇ ਵਿੱਚ 9 ਜਨਵਰੀ 1852 ਈ: ਨੂੰ ਬਿਨਾਂ ਕਿਸੇ ਸਰਕਾਰੀ ਸਮਾਰੋਹ ਦੇ ਦਫ਼ਨਾ ਦਿੱਤਾ ਗਿਆ। ਲੂਈ ਬਰੇਲ ਦੀ ਮੌਤ ਤੋਂ ਬਾਅਦ ਹੀ ਇਸ ਲਿਪੀ ਦਾ ਨਾਂ 'ਬਰੇਲ ਲਿਪੀ' ਪੈ ਗਿਆ।

ਲੂਈ ਬਰੇਲ ਨੇ ਆਪਣੇ ਹੁਨਰ ਰਾਹੀਂ ਖ਼ੁਦ ਨਾਲ ਵਾਪਰੇ ਹਾਦਸੇ ਨੂੰ ਕਾਮਯਾਬੀ ਦੀ ਪੌੜੀ ਬਣਾ ਲਿਆ, ਇੰਨਾ ਹੀ ਨਹੀਂ, ਉਹਨਾਂ ਦੀ ਇਸ ਪੌੜੀ ਦੀ ਵਰਤੋਂ ਅੱਜ ਵੀ ਨੇਤਰਹੀਣ ਕਰਦੇ ਹਨ ਅਤੇ ਕਾਮਯਾਬ ਬਣ ਕੇ ਆਪਣੇ ਜੀਵਨ ਨੂੰ ਸਫਲ ਬਣਾਉਂਦੇ ਹਨ। ਲੂਈ ਬਰੇਲ ਨੇ ਆਪਣੇ ਵਿਸ਼ਵਾਸ ਦੇ ਦਮ ਤੇ ਹਰ ਰੁਕਾਵਟ ਨੂੰ ਆਪਣੇ ਰਸਤੇ ਤੋਂ ਹਟਾ ਦਿੱਤਾ। 43 ਸਾਲ ਦੀ ਘੱਟ ਉਮਰ ਵਿੱਚ ਹੀ ਨੇਤਰਹੀਣਾਂ ਦੇ ਜੀਵਨ ਵਿੱਚ ਸਿੱਖਿਆ ਜੀ ਜੋਤ ਜਗਾਉਣ ਵਾਲੇ ਲੂਈ ਬਰੇਲ ਦੇ ਜੀਵਨ ਦੀ ਜੋਤ ਬੁੱਝ ਗਈ। ਉਹਨਾਂ ਦੇ ਦਿਹਾਂਤ ਪਿੱਛੋਂ ਅੱਜ ਵੀ ਬਰੇਲ ਲਿਪੀ ਦੀ ਮਦਦ ਨਾਲ ਉਹਨਾਂ ਦੇ ਅਨੋਖੇ ਕਾਰਜ ਤੇ ਸ਼ਖ਼ਸੀਅਤ ਦੀ ਜੋਤ ਅਨੇਕਾਂ ਨੇਤਰਹੀਣਾਂ ਦੀਆਂ ਅੱਖਾਂ ਵਿੱਚ ਬਲ ਰਹੀ ਹੈ ਅਤੇ ਬਲਦੀ ਰਹੇਗੀ। ਭਾਰਤ ਸਰਕਾਰ ਨੇ ਲੂਈ ਬਰੇਲ ਦੇ 200ਵੇਂ ਜਨਮ-ਦਿਨ ਤੇ ਉਸ ਦੇ ਸਨਮਾਨ ਵਿੱਚ 4 ਜਨਵਰੀ 2009 ਈ: ਨੂੰ ਇੱਕ ਡਾਕ-ਟਿਕਟ ਜਾਰੀ ਕੀਤੀ। ਭਾਰਤੀ ਰਿਜ਼ਰਵ ਬੈਂਕ ਨੇ ਸਾਰੀ ਕਰੰਸੀ ਵਿੱਚ ਬਰੇਲ ਲਿਪੀ ਦੇ ਖ਼ਾਸ ਚਿੰਨ੍ਹਾਂ ਨੂੰ ਸ਼ਾਮਲ ਕੀਤਾ ਜਿਸ ਨਾਲ ਨੇਤਰਹੀਣਾਂ ਨੂੰ ਅਸਲੀ ਤੇ ਨਕਲੀ ਨੋਟਾਂ ਦੀ ਪਛਾਣ ਕਰਨ 'ਚ ਮਦਦ ਮਿਲੀ। ਸੈਂਟਰਲ ਬੋਰਡ ਆਫ਼ ਸੈਕੰਡਰੀ ਐਜੂਕੇਸ਼ਨ (ਸੀ.ਬੀ.ਐਸ.ਈ) ਦੇ ਸਲੇਬਸ ਵਿੱਚ ਛੇਵੀਂ ਜਮਾਤ ਤੋਂ ਲੈ ਕੇ ਦਸਵੀਂ ਜਮਾਤ ਤੱਕ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਭਾਸ਼ਾ ਵਿੱਚ 'ਲੂਈ ਬਰੇਲ' ਦਾ ਜੀਵਨ ਵੀ ਪੜ੍ਹਾਇਆ ਜਾ ਰਿਹਾ ਹੈ।

ਪੰਜਾਬ ਵਿੱਚ ਬਰੇਲ ਲਿਪੀ ਰਾਹੀਂ ਪੜ੍ਹਾਉਣ ਦਾ ਕੰਮ ਸਭ ਤੋਂ ਪਹਿਲਾਂ 1885 ਈ: ਵਿੱਚ ਅੰਮ੍ਰਿਤਸਰ ਵਿਖੇ ਵਿਕਟੋਰੀਆ ਸਕੂਲ ਦੇ ਨਾਂ 'ਤੇ ਸ਼ੁਰੂ ਕੀਤਾ ਗਿਆ, ਜੋ ਅੱਜ-ਕੱਲ੍ਹ 116 ਰਾਜਪੁਰ ਰੋਡ ਦੇਹਰਾਦੂਨ ਵਿਖੇ ਸਥਿਤ ਹੈ। ਪੰਜਾਬ ਵਿੱਚ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਚੰਡੀਗੜ੍ਹ ਰੋਡ, ਜਮਾਲਪੁਰ, ਲੁਧਿਆਣਾ ਵਿਖੇ ਬਰੇਲ ਪ੍ਰੈਸ ਸਥਾਪਿਤ ਹੈ। ਲੂਈ ਬਰੇਲ ਨੇ ਲਿਪੀ ਤਿਆਰ ਕਰਕੇ ਨੇਤਰਹੀਣਾਂ ਦੇ ਭਵਿੱਖ ਨੂੰ ਰੁਸ਼ਨਾਇਆ ਹੈ। ਬਰੇਲ ਲਿਪੀ ਦੇ ਜਨਮਦਾਤਾ ਲੂਈ ਬਰੇਲ ਦਾ 215 ਵਾਂ ਜਨਮ-ਦਿਨ 4 ਜਨਵਰੀ ਦਿਨ ਸ਼ਨੀਵਾਰ ਨੂੰ ਏਕ ਜੋਤ ਵਿਕਲਾਂਗ ਬੱਚਿਆਂ ਦਾ ਸਕੂਲ ਲੁਧਿਆਣਾ ਅਤੇ ਬਲਾਈਂਡ ਪਰਸਨ ਐਸੋਸੀਏਸ਼ਨ ਵੱਲੋਂ ਗੁਰੂ ਨਾਨਕ ਦੇਵ ਭਵਨ ਲੁਧਿਆਣਾ ਵਿਖੇ11 ਵਜੇ ਤੋਂ 2 ਵਜੇ ਤੱਕ ਮਨਾਇਆ ਜਾ ਰਿਹਾ ਹੈ।

**ਲੇਖਕ: ਆਰ.ਐਸ.ਚੌਹਾਨ**

**ਅਨੁਵਾਦ: ਕਰਨੈਲ ਸਿੰਘ ਐੱਮ.ਏ.**

**#1138/63-ਏ, ਗੁਰੂ ਤੇਗ ਬਹਾਦਰ ਨਗਰ,**

**ਗਲੀ ਨੰਬਰ-1, ਚੰਡੀਗੜ੍ਹ ਰੋਡ,**

**ਜਮਾਲਪੁਰ, ਲੁਧਿਆਣਾ।**

**Emial -karnialisnghma@gmial.com**

# ਰਮਜ਼ਾਂ

ਜੀਵਨ ਤੇ ਗੁਰੀ ਰੋਜ਼ ਸ਼ਾਮ ਨੂੰ ਪਾਰਕ ’ਚ ਸੈਰ ਕਰਨ ਆਉਂਦੀਆਂ। ਸੈਰ ਕਰਦੇ-ਕਰਦੇ ਗੱਲਾਂ ਕਰਦੀਆਂ ਹੌਲੀ-ਹੌਲੀ ਦੋਸਤ ਬਣ ਗਈਆਂ। ਉਹ ਰੋਜ਼ ਆਪਣੀ ਜ਼ਿੰਦਗੀ ਦੀਆਂ ਨਿੱਕੀਆਂ-ਵੱਡੀਆਂ ਗੱਲਾਂ ਇੱਕ ਦੂਜੀ ਨੂੰ ਦੱਸਣ ਲੱਗੀਆਂ।

ਇੱਕ ਦਿਨ ਜੀਵਨ ਨੇ ਗੁਰੀ ਨੂੰ ਦੱਸਿਆ ਕਿ ਉਹ ਕਿਸੇ ਗੱਲ ਨੂੰ ਲੈ ਕੇ ਬਹੁਤ ਪ੍ਰੇਸ਼ਾਨ ਹੈ। ਗੁਰੀ ਨੇ ਉਸਨੂੰ ਪ੍ਰੇਸ਼ਾਨ ਨਾ ਹੋ ਕੇ ਆਪਣੀ ਪ੍ਰੇਸ਼ਾਨੀ ਦਾ ਕਾਰਨ ਦੱਸਣ ਲਈ ਕਿਹਾ।

ਜੀਵਨ ਦੇ ਦੱਸਿਆ, “ਇੱਕ ਲੜਕਾ ਕਾਲਜ ਸਮੇਂ ਤੋਂ ਮੈਨੂੰ ਜਾਣਦਾ, ਅਸੀਂ ਇੱਕ ਦੂਜੇ ਦੀ ਕਈ ਵਾਰ ਮੱਦਦ ਕੀਤੀ, ਚੰਗੇ ਦੋਸਤ ਵਾਂਗ ਰਹੇ। ਬੇਸ਼ੱਕ ਅਸੀਂ ਇੱਕ ਦੂਜੇ ਦਾ ਬਹੁਤ ਕਰਦੇ ਰਹੇ ਹਾਂ ਪਰ ਕਦੇ ਵੀ ਇਹ ਦੋਸਤੀ ਮੁਹੱਬਤ ਨਹੀਂ ਬਣ ਸਕੀ।”

ਕਾਲਜ ਖ਼ਤਮ ਹੋਣ ਤੋਂ ਬਾਅਦ ਇਹ ਗੱਲ ਕਿਸੇ ਦੋਸਤ ਨੇ ਦੱਸੀ ਕਿ ਉਹ ਮੈਨੂੰ ਜੀਵਨਸਾਥੀ ਦੇ ਰੂਪ ’ਚ ਦੇਖਣਾ ਚਾਹੁੰਦਾ ਸੀ ਪਰ ਕਦੇ ਇਜ਼ਹਾਰ ਨਾ ਕਰ ਸਕਿਆ ਕਿਉਂਕਿ ਉਹ ਇੱਕ ਦੋਸਤ ਨੂੰ ਕਦੇ ਨਹੀਂ ਖੋਹਣਾ ਚਾਹੁੰਦਾ ਸੀ। ਇਹ ਕਹਿ ਜੀਵਨ ਨੇ ਠੰਢਾ ਜਿਹਾ ਹੌਕਾ ਭਰਿਆ।

ਗੁਰੀ ਨੇ ਜੀਵਨ ਦੇ ਮੋਢੇ ’ਤੇ ਹੱਥ ਰੱਖਿਆ ਤੇ ਬੋਲੀ, “ਜੀਵਨ ਮੈਨੂੰ ਇਹ ਨਹੀਂ ਪਤਾ ਤੇਰੀ ਹੁਣ ਪਰੇਸ਼ਾਨੀ ਦੀ ਵਜ੍ਹਾ ਕੀ ਹੈ?”

“ਜੀਵਨ, ਕੁਦਰਤ ਜੋ ਵੀ ਕਰਦੀ ਹੈਨਾ ਉਸ ਵਿੱਚ ਕੋਈ ਰਮਜ਼ ਜ਼ਰੂਰ ਹੁੰਦੀ ਹੈ।”

ਜੀਵਨ ਨੇ ਇਕਦਮ ਗੁਰੀ ਵੱਲ ਦੇਖਿਆ ਤੇ ਬੋਲੀ, “ਸੱਚੀ ਗੁਰੀ ਇਹ ਕੁਦਰਤ ਦੀ ਰਮਜ਼ ਹੁੰਦੀ ਹੈ, ਕਿਸੇ ਦਾ ਸਾਡੀ ਜ਼ਿੰਦਗੀ ਵਿੱਚ ਆਉਣਾ।”

ਗੁਰੀ ਨੇ ਜਵਾਬ ਦਿੰਦਿਆਂ ਕਿਹਾ, “ਹਾਂ, ਬਿਲਕੁੱਲ। ਇਹ ਬਹੁਤ ਵੱਡੀ ਸੱਚਾਈ ਹੈ, ਕੋਈ ਵੀ ਇਨਸਾਨ, ਨਾਮ, ਘਟਨਾ, ਜੋ ਵੀ ਸਾਡੀ ਜ਼ਿੰਦਗੀ ’ਚ ਆਉਂਦੇ ਹਨ, ਉਸ ਵਿੱਚ ਕੁਦਰਤ ਦੀ ਰਮਜ਼ ਹੁੰਦੀ ਹੈ, ਬੇਸ਼ੱਕ ਉਸਦੀ ਸਮਝ ਬਹੁਤ ਦੇਰ ਨਾਲ ਆਉਂਦੀ ਹੈ।”

ਗੁਰੀ ਨੇ ਫਿਰ ਜੀਵਨ ਦੇ ਮੋਢੇ ’ਤੇ ਹੱਥ ਰੱਖਦਿਆਂ ਪੁੱਛਿਆ, “ਮੈਨੂੰ ਆਪਣੀ ਪ੍ਰੇਸ਼ਾਨੀ ਬਾਰੇ ਵਿਸਥਾਰ ਨਾਲ ਦੱਸ, ਜੋ ਲੜਕਾ ਕਾਲਜ ਖ਼ਤਮ ਹੁੰਦਿਆਂ ਹੀ ਜ਼ਿੰਦਗੀ ’ਚੋਂ ਚਲੇ ਗਿਆ, ਉਸਦਾ ਹੁਣ ਜ਼ਿਕਰ ਕਿਉਂ?”

ਜੀਵਨ ਬੋਲੀ, “ਉਹ ਵਾਪਸ ਆ ਗਿਆ, ਮੇਰੇ ਹੀ ਸ਼ਹਿਰ ’ਚ ਮਤਲਬ ਆਪਣੇ ਇਸ ਸ਼ਹਿਰ ਵਿੱਚ। ਪਰ ਇਹ ਹੀ ਸੋਚ ਕੇ ਪ੍ਰੇਸ਼ਾਨ ਹਾਂ ਕਿ ਕੁਦਰਤ ਨੇ 9 ਸਾਲਾਂ ਬਾਅਦ ਉਸਨੂੰ ਮੇਰੇ ਸਾਹਮਣੇ ਕਿਉਂ ਲਿਆ ਕੇ ਖੜ੍ਹਾ ਕਰ ਦਿੱਤਾ। ਮੈਂ ਤੁਹਾਨੂੰ ਦੱਸਿਆ ਸੀ ਕਿ ਮੇਰੇ ਪਤੀ ਦੀ ਕੁਝ ਸਮਾਂ ਪਹਿਲਾਂ ਮੌਤ ਹੋ ਚੁੱਕੀ ਹੈ ਤੇ ਇੱਕ ਬੇਟੇ ਨਾਲ ਹੀ ਜ਼ਿੰਦਗੀ ਨੂੰ ਅੱਗੇ ਤੋਰ ਰਹੀ ਹਾਂ। ਡਰ ਲੱਗਦਾ ਹੈ, ਕਿਤੇ ਆਪਣੀ ਜ਼ਿੰਦਗੀ ਦੀਆਂ ਮੁਸ਼ਕਿਲਾਂ ਨਾਲ ਜਲਦੀ ਉਸ ਵੱਲ ਆਕਰਸ਼ਿਤ ਨਾ ਹੋ ਜਾਵਾਂ। ਉਸਦਾ ਵੀ ਪਰਿਵਾਰ ਹੋਏਗਾ, ਕਿਤੇ ਮੈਂ ਕਮਜ਼ੋਰ ਨਾ ਪੈ ਜਾਵਾਂ, ਇੱਕ ਦੋਸਤ ਦੀ ਆਦਤ ਨਾ ਪੈ ਜਾਵੇ। ਮੇਰੇ ਸਹੁਰਿਆਂ ਤਾਂ ਮੈਨੂੰ ਉਦੋਂ ਵੀ ਘਰੋਂ ਕੱਢ ਦਿੱਤਾ ਸੀ, ਜਦੋਂ ਮੇਰੇ ਪਤੀ ਦੀ ਮੌਤ ਹੋ ਗਈ ਸੀ। ਘਰ ’ਚੋਂ ਵੀ ਬਸ ਕੁੱਝ ਨਹੀਂ ਦਿੱਤਾ, ਇੱਕ ਪਿੰਡ ਕੁੱਝ ਜਾਇਦਾਦ ਹੀ ਹੈ, ਜਿਸ ਨਾਲ ਗੁਜ਼ਾਰਾ ਚੱਲੀ ਜਾਂਦਾ। ਮੇਰੇ ਸੱਸ-ਸਹੁਰੇ ਨੇ ਵੀ ਮੈਨੂੰ ਮੇਰੇ ਦਿਉਰ ਦੇ ਬਰਾਬਰ ਘਰੋਂ ਪ੍ਰਾਪਰਟੀ ਵੀ ਨਹੀਂ ਦਿੱਤੀ।”

ਗੁਰੀ ਫਿਰ ਬੋਲੀ, “ਤੂੰ ਹੌਸਲਾ ਰੱਖ। ਜੋ ਹੋਵੇਗਾ ਚੰਗਾ ਹੀ ਹੋਵੇਗਾ, ਮੈਂ ਤੈਨੂੰ ਆਪਣੀ ਕਹਾਣੀ ਦੱਸਦੀ ਹਾਂ। ਜਦ ਮੈਂ ਸਕੂਲ ਪੜ੍ਹਦੀ ਸੀ ਤਾਂ ਥੋੜ੍ਹਾ ਬਹੁਤ ਸ਼ਾਇਰੀ ਦਾ ਸ਼ੌਂਕ ਸੀ, ਕਿਤਾਬਾਂ ਪੜ੍ਹਨ ਦਾ ਸ਼ੌਂਕ ਸੀ, ਸਾਡੇ ਪਿੰਡਾਂ ’ਚ ਸਕੂਲਾਂ ਦੀ ਬਹੁਤ ਘਾਟ ਸੀ, ਕਈ ਪਿੰਡਾਂ ਨੂੰ ਇੱਕ 12ਵੀਂ ਦਾ ਸਕੂਲ ਸੀ। ਸ਼ਹਿਰ ਦੂਰ ਸਨ ਤੇ ਸੜਕਾਂ ਦਾ ਜ਼ਿਆਦਾ ਚੰਗਾ ਹਾਲ ਨਹੀਂ ਸੀ, ਜਿਸ ਕਰਕੇ ਕਾਲਜ ਦੀਆਂ ਵੈਨਾਂ ਸਾਡੇ ਪਿੰਡ ਵੱਲ ਨਹੀਂ ਆਉਂਦੀਆਂ ਸਨ। ਜ਼ਮੀਨਾਂ ਖੁੱਲ੍ਹੀਆਂ ਸਨ ਤੇ ਲੋਕ ਮਿਹਨਤੀ ਪਰ ਕੁੜੀਆਂ ਨੂੰ ਬੱਸਾਂ ’ਤੇ ਭੇਜ ਕੇ ਨਹੀਂ ਰਾਜ਼ੀ ਸਨ। ਹੋਸਟਲ ਰਹਿੰਦੀਆਂ ਨਹੀਂ ਸਨ, ਖਾਣਾ ਪਸੰਦ ਨਹੀਂ ਸੀ ਆਉਂਦਾ ਤੇ ਦਿਲ ਵੀ ਨਾ ਲਾਉਂਦੀਆਂ ਕਿਉਂਕਿ ਸਾਡੇ ਪਿੰਡਾਂ ਵੱਲ ਸੰਯੁਕਤ ਪਰਿਵਾਰ ਸਨ। ਇਸ ਲਈ +2 ਪਾਸ ਕਰਦਿਆਂ ਹੀ ਵਿਆਹ ਹੋ ਜਾਂਦਾ। ਨੌਵੀਂ ਤੋਂ ਦਸਵੀਂ ’ਚ ਕੁੜੀਆਂ ਆਪਣੇ ਰਾਜਕੁਮਾਰ ਲਈ ਸੁਪਨੇ ਸਜਾਉਣ ਲੱਗਦੀਆਂ। ਮੈਂ ਜਦ ਪੜ੍ਹਦੀ ਸੀ ਤਾਂ ਮੈਨੂੰ ਵੀ ਪੁੱਛ ਲੈਂਦੀਆਂ ਕਿ ਸ਼ਾਇਰੀ ਵਾਲੀਏ ਤੂੰ ਤਾਂ ਕੋਈ ‘ਬੱਬੂ ਮਾਨ’ ਵਰਗੇ ਦਾ ਸੁਪਨਾ ਹੀ ਲਿਆ ਹੋਣਾ।”



ਪਰ ਮੇਰੀ ਸੋਚ ਹੀ ਅਲੱਗ ਸੀ, ਮੈਂ ਕਹਿ ਦਿੰਦੀ ਕਿ ਉਹ ਕਿਸੇ ਤਰ੍ਹਾਂ ਦਾ ਵੀ ਹੋਵੇ ਪਰ ਮੇਰੀ ਇੱਕ ਸੋਹਣੀ ਕੁੜੀ ਹੋਵੇਗੀ, ਜਿਸਦਾ ਨਾਮ ਮੈਂ ‘ਅੰਮ੍ਰਿਤ’ ਰੱਖਾਂਗੀ। ਉਹ ਬੜਾ ਹੱਸਦੀਆਂ, ਪਹਿਲਾਂ ਵਿਆਹ ਤਾਂ ਹੋ ਜਾਣ ਦੇ, ਕੁੜੀ ਜੰਮਣ ਪਹਿਲਾਂ ਬੈਠ ਗਈ ਤੇ ਕਈ ਵਾਰ ‘ਬੇਸ਼ਰਮ’ ਜਿਹੀ ਵੀ ਆਖ ਦਿੰਦੀਆਂ।

ਸਮਝ ਮੈਨੂੰ ਵੀ ਨਾ ਆਉਂਦੀ ਕਿ ਮੈਂ ਇਹ ਰੀਝ ਕਿਉਂ ਪਾਲ ਰਹੀ ਹਾਂ? ਮੈਨੂੰ ਇੱਕ ‘ਅੰਮ੍ਰਿਤ’ ਨਾਮ ਦੀ ਸੀਨੀਅਰ ਕੁੜੀ ਬਹੁਤ ਸੋਹਣੀ ਲੱਗਦੀ ਸੀ। ਅੰਮ੍ਰਿਤਾ ਪ੍ਰੀਤਮ ਨੂੰ ਪੜ੍ਹਿਆ, ਅੰਮ੍ਰਿਤਾ ਵਿਰਕ ਦੇ ਗਾਣੇ ਚੱਲਦੇ ਸਨ। ਸੁਖਵਿੰਦਰ ਅੰਮ੍ਰਿਤ ਦੀ ਕਵਿਤਾਵਾਂ ਅਖਬਾਰਾਂ ’ਚ ਲੱਗਦੀਆਂ ਸਨ। ਮੈਂ ਸੋਚਦੀ ਸ਼ਾਇਦ ਇਸ ਕਰਕੇ ‘ਅੰਮ੍ਰਿਤ’ ਨਾਮ ਮੇਰੇ ਦਿਮਾਗ਼ ’ਚ ਵੱਸਿਆ। ਸਕੂਲ ਛੱਡਿਆ, ਲਿਖਣਾ ਛੁੱਟ ਗਿਆ, ਵਿਆਹ ਹੋ ਗਿਆ, ਦੋ ਬੇਟੇ ਹੋ ਗਏ। ਧੀ ਦੀ ਦਾਤ ਮਾਲਕ ਨੇ ਦਿੱਤੀ ਹੀ ਨਾ, ਜਿਸਦਾ ਨਾਮ ‘ਅੰਮ੍ਰਿਤ’ ਰੱਖਦੀ। ਵਕਤ ਬੀਤਦਾ ਗਿਆ।

20 ਸਾਲ ਬਾਅਦ ਲਿਖਣਾ ਸ਼ੁਰੂ ਕੀਤਾ ਤੇ ਫੇਸਬੁੱਕ ਤੇ ਪਾਉਣਾ ਸ਼ੁਰੂ ਕਰ ਦਿੱਤਾ। ਇੱਕ ਦਿਨ ਇੱਕ ਇਨਸਾਨ ਦੀ ਵਾਰਤਕ ਪੜ੍ਹੀ, ਉਹ ਬੜੀ ਦਿਲ ’ਤੇ ਲੱਗੀ। ਉਨ੍ਹਾਂ ਨਾਲ ਗੱਲ ਕਰੀ ਤਾਂ ਉਸ ਘਰ ਦੀ ਕਰਤਾ-ਧਰਤਾ ਔਰਤ ਦਾ ਨਾਮ ‘ਅੰਮ੍ਰਿਤ’ ਸੀ, ਜੋ ਬਹੁਤ ਹੀ ਦਲੇਰ, ਸੁਘੜ, ਸਿਆਣੀ ਔਰਤ ਸੀ, ਮੈਂ ਉਸਦੀ ਸੀਰਤ ’ਤੇ ਇੱਕ ਕਵਿਤਾ ਲਿਖੀ, ਜਿਸਦਾ ਨਾਮ ਰੱਖਿਆ ‘ਅੰਮ੍ਰਿਤ ਵਰਗੀ ਕੁੜੀ’।

ਉਸ ਤੋਂ ਕੁੱਝ ਸਮੇਂ ਬਾਅਦ ਮੈਂ ਆਪਣੀ ਕਿਤਾਬ ਛਪਾਉਣ ਦਾ ਮਨ ਬਣਾਇਆ, ਸਾਰੀਆਂ ਕਵਿਤਾਵਾਂ ਮੈਂ ਭੇਜ ਦਿੱਤੀਆਂ, ਪ੍ਰਕਾਸ਼ਕ ਨੇ ਕਿਤਾਬ ਦਾ ਨਾਮ ‘ਅੰਮ੍ਰਿਤ ਵਰਗੀ ਕੁੜੀ’ ਚੁਣਿਆ ਜਦ ਕਿ ਮੈਂ ਕੁੱਝ ਹੋਰ ਸੋਚ ਰਹੀ ਸੀ, ਫਿਰ ਮੈਂ ਵੀ ਕੁਦਰਤ ਦੀ ਮਰਜ਼ੀ ਸਮਝ ਕੇ ਹੀ ਇਸ ਨਾਮ ਲਈ ਹਾਂ ਕਰ ਦਿੱਤੀ।

ਸੱਚੀਂ ਇਹ ਕਿਤਾਬ ਦੀ ਬੜੀ ਚਰਚਾ ਹੋਈ, ਖ਼ਾਸ ਕਰਕੇ ਨਾਮ ਦੀ। ਇਹ ਕਿਤਾਬ ’ਚ ਜ਼ਿਆਦਾ ਕਵਿਤਾਵਾਂ ਉਹ ਸਨ, ਜਦੋਂ ਮੈਂ ਉਦਾਸ ਹੁੰਦੀ ਤਾਂ ਲਿਖਦੀ ਸੀ ਜਾਂ ਜਦੋਂ ਆਪਣੀ ਮਾਂ ਨੂੰ ਯਾਦ ਕਰਦੀ, ਜੋ ਇਸ ਦੁਨੀਆਂ ’ਚ ਨਹੀਂ। ਇਸ ਕਿਤਾਬ ਨੇ ਮੈਨੂੰ ਮੇਰੀ ਧੀ ਵਾਲੀ ਖੁਸ਼ੀ ਦਿੱਤੀ।

ਆਖ਼ਰ ‘ਅੰਮ੍ਰਿਤ ਵਰਗੀ ਕੁੜੀ’ ਇੱਕ ਕਿਤਾਬ ਬਣੀ, ਜੋ ਮੈਂ 22 ਸਾਲ ਪਹਿਲਾਂ ਅੰਮ੍ਰਿਤ ਨਾਮ ਦੀ ਆਪਣੀ ਕੁੜੀ (ਧੀ) ਚਾਹੁੰਦੀ ਸੀ। ਕੁਦਰਤ ਦੀ ਕੀ ਮਰਜ਼ੀ, ਕੀ ਰਮਜ਼ ਉਹ ਜਾਣਦੀ ਹੈ। ਗੁਰੀ ਨੇ ਗੱਲ ਪੂਰੀ ਕਰਕੇ, ਜੀਵਨ ਨੂੰ ਆਪਣੇ ਦੋਸਤ ਨੂੰ ਮਿਲ ਕੇ ਗੱਲ ਕਰਨ ਦੀ ਸਲਾਹ ਦਿੱਤੀ।

ਉਸ ਦਿਨ ਪਾਰਕ ਤੋਂ ਵਾਪਸੀ ਤੇ ਹੀ ਰਸਤੇ ਵਿੱਚ ਜੀਵਨ ਨੂੰ ਆਪਣਾ ਦੋਸਤ ਰਾਜ ਮਿਲ ਗਿਆ। ਜੀਵਨ ਨੇ ਹਾਲ-ਚਾਲ ਪੁੱਛਿਆ ਤਾਂ ਉਸਨੇ ਕਿਹਾ, “ਜੀਵਨ ਮੈਂ ਤੇਰੇ ਬਾਰੇ ਸਭ ਜਾਣਦਾ ਤੇ ਮੈਂ ਅੱਜ ਵੀ ਉੱਥੇ ਹੀ ਖੜ੍ਹਾ ਕਿਉਂਕਿ ਕੁਦਰਤ ਨੇ ਅੱਗੇ ਨਹੀਂ ਵੱਧਣ ਦਿੱਤਾ।

ਰਾਜ ਬੋਲਿਆ, “ਜੀਵਨ ਕਿਤੇ ਬੈਠ ਕੇ ਗੱਲ ਕਰੀਏ?”

ਜੀਵਨ ਨੇ ਹਾਂ ਵਿੱਚ ਸਿਰ ਹਿਲਾ ਦਿੱਤਾ। ਦੋਵੇਂ ਨੇੜੇ ਦੇ ਹੀ ਰੈਸਟੋਰੈਂਟ ’ਚ ਚਲੇ ਗਏ। ਅੱਜ ਜੀਵਨ ਰਾਜ ਬਾਰੇ ਸਭ ਕੁੱਝ ਜਾਣਨਾ ਚਾਹੁੰਦੀ ਸੀ। ਜੀਵਨ ਨੇ ਰਾਜ ਨੂੰ ਥੋੜ੍ਹੇ ਸਮੇਂ ’ਚ ਦੱਸਣ ਲਈ ਕਿਹਾ, ਕਿਉਂਕਿ ਬੱਚਾ ਟਿਊਸ਼ਨ ਤੋਂ ਆਉਣ ਵਾਲਾ ਸੀ।

ਰਾਜ ਨੇ ਕਹਿਣਾ ਸ਼ੁਰੂ ਕੀਤਾ, “ਆਪਣੇ ਕਾਲਜ ਛੱਡਣ ਤੋਂ ਸਾਲ ਬਾਅਦ ਮੈਂ ਨੌਕਰੀ ਕਰਨ ਲੱਗਾ, ਉੱਥੇ ਈ ਤੇਰਾ ਘਰਵਾਲਾ ਨੌਕਰੀ ਕਰਦਾ ਸੀ। ਅਸੀਂ ਚੰਗੇ ਦੋਸਤ ਬਣ ਗਏ। ਮੈਨੂੰ ਨਹੀਂ ਪਤਾ ਸੀ ਕਿ ਉਹ ਤੇਰੇ ਘਰ ਵਾਲਾ ਹੈ। ਤੇਰਾ ਵਿਆਹ 9 ਮਹੀਨੇ ਪਹਿਲਾਂ ਹੋਇਆ ਸੀ, ਇਹ ਪਤਾ ਸੀ। ਪਰ ਇਹ ਕੋਈ ਸਬੱਬ ਹੀ ਸੀ। ਤੇਰੇ ਪਤੀ ਪ੍ਰੀਤ ਨੇ ਮੈਨੂੰ ਦੱਸਿਆ ਸੀ ਕਿ ਉਸਨੂੰ ਇੱਕ ਗੰਭੀਰ ਬਿਮਾਰੀ ਹੈ ਤੇ ਉਹ ਬਾਪ ਨਹੀਂ ਬਣ ਸਕਦਾ। ਉਹ ਤੈਨੂੰ ਬਹੁਤ ਪਿਆਰ ਕਰਦਾ ਸੀ ਤੇ ਖੋਹਣਾ ਨਹੀਂ ਚਾਹੁੰਦਾ ਸੀ ਤੇ ਉਸਨੂੰ ਇਹ ਵੀ ਪਤਾ ਸੀ ਕਿ ਉਹ ਜ਼ਿਆਦਾ ਟਾਇਮ ਜ਼ਿੰਦਾ ਨਹੀਂ ਰਹਿ ਸਕਦਾ। ਵੱਧ ਤੋਂ ਵੱਧ ਪੰਜ ਸਾਲ, ਪਰ ਉਹ ਇਸ ਵਕਤ ਨੂੰ ਚੰਗੀ ਤਰ੍ਹਾਂ ਜੀਊਣਾ ਚਾਹੁੰਦਾ ਸੀ। ਮੈਨੂੰ ਨੌਕਰੀ ਉਸ ਕਾਰਨ ਹੀ ਮਿਲੀ ਸੀ। ਉਂਝ ਵੀ ਚੰਗੇ ਦੋਸਤ ਸਾਂ, ਮੈਂ ਉਸਦੀ ਹਰ ਮੱਦਦ ਲਈ ਤਿਆਰ ਹੋ ਗਿਆ, ਉਹ ਬਹੁਤ ਚੰਗਾ ਸੀ। ਉਸਨੇ ਮੈਨੂੰ ਆਪਣੀ ਸਹੁੰ ਪਾ ਕੇ, ਮੈਨੂੰ ਆਪਣਾ ਸਪਰਮ ਡੋਨੇਟ ਕਰਨ ਲਈ ਕਿਹਾ ਤੇ ਤੇਰੀ ਤਸਵੀਰ ਵਿਖਾਈ।”

ਜੀਵਨ ਬੋਲੀ, “ਮਤਲਬ”

ਰਾਜ ਬੋਲਿਆ, “ਮਤਲਬ ਤੇਰਾ ਇਲਾਜ਼, ਜਿਸ ਹਸਪਤਾਲ ਤੋਂ ਹੋਇਆ ਤੇ ਤੁਸੀਂ ਜੋ ਬੱਚਾ ਕਨਸੀਵ ਕੀਤਾ, ਡਾਕਟਰ ਦੀ ਖ਼ਾਸ ਵਿਧੀ ਦੀ ਮੱਦਦ ਨਾਲ ਉਹ ਮੇਰਾ ਅੰਸ਼ ਹੈ। ਮੈਨੂੰ ਮਾਫ਼ ਕਰੀਂ ਜੀਵਨ, ਮੈਂ ਇਸ ਲਈ ਮਜ਼ਬੂਰ ਸੀ। ਇੱਕ ਦੋਸਤ ਨਹੀਂ, ਦੋ ਦੋਸਤਾਂ ਦੀ ਖੁਸ਼ੀ ਦਾ ਸਵਾਲ ਸੀ। ਜਦ ਬੱਚਾ ਹੋ ਗਿਆ ਤੇ ਪ੍ਰੀਤ ਨੇ ਮੈਨੂੰ ਤਸਵੀਰਾਂ ਵਿਖਾਈਆਂ, ਮੈਂ ਕਦੇ ਵੀ ਪ੍ਰੀਤ ਨੂੰ ਆਪਣੀ ਦੋਸਤੀ ਬਾਰੇ ਨਹੀਂ ਦੱਸਿਆ ਪਰ ਉਸਨੂੰ ਪਤਾ ਨਹੀਂ ਕਿਵੇਂ ਪਤਾ ਲੱਗ ਗਿਆ ਸੀ। ਉਸਨੇ ਮੈਨੂੰ ਕਿਹਾ, ਉਸ ਕੋਲ ਜ਼ਿਆਦਾ ਟਾਇਮ ਨਹੀਂ ਹੈ ਤੇ ਮੈਂ ਉਦੋਂ ਤੱਕ ਵਿਆਹ ਨਾ ਕਰਾਵਾਂ ਤੇ ਉਸਦੇ ਪਰਿਵਾਰ ਨੂੰ ਸੰਭਾਲਾਂ। ਉਸਨੇ ਜਦ ਇਹ ਕਿਹਾ ਕਿ ਇਹ ਤੇਰਾ ਵੀ ਤਾਂ ਪਰਿਵਾਰ ਹੈ। ਮੇਰਾ ਰੋਣ ਨਿਕਲ ਗਿਆ। ਮੈਂ ਵਚਨ ਦੇ ਦਿੱਤਾ। ਜੀਵਨ ਮੈਂ ਪ੍ਰੀਤ ਨੂੰ ਵੀ ਬਹੁਤ ਪਿਆਰ ਕਰਦਾ ਸੀ। ਇਸ ਲਈ ਇਹ ਸਭ ਕੀਤਾ ਤੇ ਅੱਜ ਉਸ ਨੂੰ ਦਿੱਤਾ ਵਚਨ ਨਿਭਾਉਣਾ ਚਾਹੁੰਦਾ। ਸ਼ਾਇਦ ਪ੍ਰੀਤ ਨੂੰ ਆਪਣੇ ਪਰਿਵਾਰ ਦਾ ਪਹਿਲਾਂ ਹੀ ਪਤਾ ਸੀ ਕਿ ਉਹ ਉਸਦੀ ਮੌਤ ਤੋਂ ਬਾਅਦ ਤੈਨੂੰ ਨਹੀਂ ਸੰਭਾਲਣਗੇ।”

ਜੀਵਨ ਬਹੁਤ ਰੋਈ। ਰਾਜ ਨੇ ਉੱਠ ਕੇ ਉਸਨੂੰ ਜੱਫ਼ੀ ਪਾ ਲਈ। ਜੀਵਨ ਹੁਣ ਕੁਦਰਤ ਦੀ ਰਮਜ਼ ਸਮਝ ਚੁੱਕੀ ਸੀ। ਉਸਨੂੰ ਗੁਰੀ ਦੀ ਕੁੱਝ ਟਾਇਮ ਪਹਿਲਾਂ ਕਹੀ ਗੱਲ ਚੰਗੀ ਤਰ੍ਹਾਂ ਸਮਝ ਆ ਚੁੱਕੀ ਸੀ। ਜੀਵਨ ਤੇ ਪ੍ਰੀਤ ਨੇ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਲਈ ਇੱਕ ਦੂਜੇ ਦੇ ਹੱਥ ਘੁੱਟ ਕੇ ਫੜ੍ਹ ਲਏ।



ਲਵਪ੍ਰੀਤ ਕੌਰ ਗੁਰੀ

# ਮਾਤਾ ਸਵਿੱਤਰੀਬਾਈ ਫੂਲੇ – ਭਾਰਤ ਦੀ ਪਹਿਲੀ ਔਰਤ ਅਧਿਆਪਕ

## 3 ਜਨਵਰੀ ਸਵਿੱਤਰੀਬਾਈ ਫੂਲੇ ਦੇ ਜਨਮ ਦਿਨ 'ਤੇ ਵਿਸ਼ੇਸ਼

ਭਾਰਤ ਦੀ ਪਹਿਲੀ ਔਰਤ ਅਧਿਆਪਕ ਸਵਿੱਤਰੀਬਾਈ ਫੂਲੇ ਦਾ ਜਨਮ 3 ਜਨਵਰੀ 1831 ਨੂੰ ਮਹਾਂਰਾਸ਼ਟਰ ਦੇ ਨਏਗਾਓਂ ਵਿੱਚ ਹੋਇਆ। ਉਸ ਸਮੇਂ ਦੇ ਰਿਵਾਜ ਮੁਤਾਬਕ ਉਸਦੀ ਸ਼ਾਦੀ 9 ਸਾਲ ਦੀ ਉਮਰ ਵਿੱਚ ਹੀ 12 ਵਰ੍ਹਿਆਂ ਦੇ ਜਯੋਤੀ ਰਾਓ ਫੂਲੇ ਨਾਲ 1840 ਵਿੱਚ ਹੋ ਗਈ। ਜਯੋਤੀ ਰਾਓ ਫੂਲੇ ਨੇ ਸਵਿੱਤਰੀਬਾਈ ਨੂੰ ਘਰੇ ਪੜ੍ਹਨਾ ਲਿਖਣਾ-ਸਿਖਾਇਆ ਅਤੇ ਹੋਰਨਾਂ ਨੂੰ ਪੜ੍ਹਾਉਣ ਦੀ ਟਰੇਨਿੰਗ ਦਿੱਤੀ। ਦੋਹਾਂ ਪਤੀ ਪਤਨੀ ਨੇ ਆਪਣੀ ਜ਼ਿੰਦਗੀ ਔਰਤਾਂ ਦੀ ਵਿੱਦਿਆ ਅਤੇ ਸਮਾਜ ਸੁਧਾਰ ਲਈ ਅਰਪਣ ਕੀਤੀ।

ਉਸ ਸਮੇਂ ਲੜਕੀਆਂ ਦੀ ਸਿੱਖਿਆ ਲਈ ਕੋਈ ਪਰਬੰਧ ਨਹੀਂ ਸਨ। ਉਹਨਾਂ ਨੇ 1848 ਵਿੱਚ ਭਿੰਡੇਵਾੜਾ ਵਿੱਚ ਲੜਕੀਆਂ ਲਈ ਪਹਿਲਾ ਸਕੂਲ ਖੋਲ੍ਹਿਆ। ਇਸ ਤਰ੍ਹਾਂ ਉਹ ਭਾਰਤ ਦੇ ਲੜਕੀਆਂ ਦੇ ਪਹਿਲੇ ਸਕੂਲ ਦੀ ਪਹਿਲੀ ਔਰਤ ਅਧਿਆਪਕ ਬਣੀ। 1 ਜਨਵਰੀ 1848 ਤੋਂ ਲੈ ਕੇ 15 ਮਾਰਚ 1852 ਦੇ ਦੌਰਾਨ ਸਾਵਿਤਰੀਬਾਈ ਫੂਲੇ ਨੇ ਆਪਣੇ ਪਤੀ ਨਾਲ ਮਿਲ ਕੇ ਲਗਾਤਾਰ ਇੱਕ ਦੇ ਬਾਅਦ ਇੱਕ ਬਿਨਾਂ ਕਿਸੇ ਆਰਥਕ ਮਦਦ ਅਤੇ ਸਹਾਰੇ ਦੇ ਕੁੜੀਆਂ ਲਈ 18 ਸਕੂਲ ਖੋਲੇ। ਇਸ ਵਾਸਤੇ ਸਵਿੱਤਰੀਬਾਈ ਨੂੰ ਰੂੜੀਵਾਦੀਆਂ ਵਲੋਂ ਬਹੁਤ ਕੁੱਝ ਸਹਿਣਾ ਪਿਆ। ਉਨ੍ਹਾਂ ਉੱਤੇ ਅਖੌਤੀ ਉੱਚ ਜਾਤੀ ਦੀਆਂ ਔਰਤਾਂ ਵਲੋਂ ਬੋਲੀ ਬਾਣਾਂ ਤੋਂ ਬਿਨਾਂ ਗੋਹਾ ਅਤੇ ਗੰਦਾ ਪਾਣੀ ਵੀ ਸੁੱਟਿਆ ਜਾਂਦਾ ਰਿਹਾ। ਪਰ ਉਨ੍ਹਾਂ ਨੇ ਆਪਣਾ ਮਿਸ਼ਨ ਨਹੀਂ ਛੱਡਿਆ।

ਬਦਕਿਸਮਤੀ ਨਾਲ, ਸਾਵਿਤਰੀਬਾਈ ਅਤੇ ਜੋਤੀਰਾਓ ਫੂਲੇ ਦੀ ਸਫਲਤਾ ਨੂੰ ਰੂੜੀਵਾਦੀ ਵਿਚਾਰਾਂ ਵਾਲੇ ਸਥਾਨਕ ਭਾਈਚਾਰੇ ਦੇ ਬਹੁਤ ਵਿਰੋਧ ਦੇ ਨਾਲ ਆਇਆ। ਕੰਦੁਕੁਰੀ ਕਹਿੰਦੀ ਹੈ ਕਿ ਸਾਵਿਤਰੀਬਾਈ ਅਕਸਰ ਇੱਕ ਵਾਧੂ ਸਾੜੀ ਲੈ ਕੇ ਆਪਣੇ ਸਕੂਲ ਜਾਂਦੀ ਸੀ ਕਿਉਂਕਿ ਉਸ ਨੂੰ ਉਸ ਦੇ ਰੂੜੀਵਾਦੀ ਵਿਰੋਧ ਦੁਆਰਾ ਪੱਥਰਾਂ, ਗੋਬਰ ਅਤੇ ਜ਼ੁਬਾਨੀ ਦੁਰਵਿਹਾਰ ਨਾਲ ਕੁੱਟਿਆ ਜਾਂਦਾ ਸੀ। ਫੂਲੇਸ ਨੂੰ ਰੂੜੀਵਾਦੀ ਅਤੇ ਪ੍ਰਮੁੱਖ ਜਾਤੀਆਂ (ਬ੍ਰਾਹਮਣ) ਦੇ ਅਜਿਹੇ ਸਖਤ ਵਿਰੋਧ ਦਾ ਸਾਹਮਣਾ ਕਰਨਾ ਪਿਆ ਕਿਉਂਕਿ ਉਹ ਦੱਬੀ ਜਾਤੀ (ਮਾਲੀ) ਨਾਲ ਸੰਬੰਧਤ ਸਨ। ਸੂਦਰ ਜਾਤੀਆਂ ਨੂੰ ਹਜ਼ਾਰਾਂ ਸਾਲਾਂ ਤੋਂ ਸਿੱਖਿਆ ਤੋਂ ਵਾਂਝਾ ਰੱਖਿਆ ਗਿਆ ਸੀ। ਇਹ ਹੰਗਾਮਾ ਹਮੇਸ਼ਾਂ ਉੱਚੀਆਂ ਜਾਤੀਆਂ ਦੁਆਰਾ ਉਕਸਾਇਆ ਜਾਂਦਾ ਸੀ। 1849 ਤੱਕ, ਸਾਵਿਤਰੀਬਾਈ ਅਤੇ ਜੋਤੀਰਾਓ ਫੂਲੇ ਜੋਤੀਰਾਓ ਦੇ ਪਿਤਾ ਦੇ ਘਰ ਰਹਿ ਰਹੇ ਸਨ। ਹਾਲਾਂਕਿ, 1849 ਵਿੱਚ, ਜੋਤੀਰਾਓ ਦੇ ਪਿਤਾ ਨੇ ਜੋੜੇ ਨੂੰ ਆਪਣਾ ਘਰ ਛੱਡਣ ਲਈ ਕਿਹਾ ਕਿਉਂਕਿ ਉਨ੍ਹਾਂ ਦੇ ਕੰਮ ਨੂੰ ਮਨੁਸਮ੍ਰਿਤੀ ਅਤੇ ਇਸ ਦੇ ਬ੍ਰਾਹਮਣਵਾਦੀ ਗ੍ਰੰਥਾਂ ਦੇ ਅਨੁਸਾਰ ਇੱਕ ਪਾਪ ਮੰਨਿਆ ਗਿਆ ਸੀ।

ਔਰਤਾਂ ਦੀ ਸਿੱਖਿਆ ਦੇ ਨਾਲ ਹੀ ਸਵਿੱਤਰੀਬਾਈ ਨੇ ਔਰਤਾਂ ਦੇ ਹੱਕਾਂ ਦੇ ਨਾਲ ਹੀ ਲਿੰਗ ਅਤੇ ਜਾਤ-ਪਾਤ ਦੇ ਆਧਾਰ ਤੇ ਹੋ ਰਹੇ ਵਿਤਕਰੇ ਵਿਰੁੱਧ ਬਹੁਤ ਵੀ ਜ਼ੋਰਦਾਰ ਢੰਗ ਨਾਲ ਆਵਾਜ਼ ਉਠਾਈ। ਉਹਨਾਂ ਸਮਿਆਂ ਵਿੱਚ ਬਾਲ-ਵਿਆਹ ਦਾ ਰਿਵਾਜ਼ ਸੀ ਅਤੇ ਬਾਲ ਵਿਧਵਾਵਾਂ ਦੀ ਗਿਣਤੀ ਬਹੁਤ ਜ਼ਿਆਦਾ ਹੁੰਦੀ ਸੀ। ਵਿਧਵਾ ਵਿਆਹ ਦਾ ਤਾਂ ਸਵਾਲ ਹੀ ਨਹੀਂ ਸੀ ਪੈਦਾ ਹੁੰਦਾ। ਵਿਧਵਾਵਾਂ ਨੂੰ ਸਿਰ ਮੁੰਨਾ ਕੇ ਬਹੁਤ ਹੀ ਤਰਸ ਭਰੀ ਜਿੰਦਗੀ ਜਿਉਣੀ ਪੈਂਦੀ ਸੀ। ਉਨ੍ਹਾਂ ਦਾ ਬਹੁਤ ਹੀ ਜ਼ਿਆਦਾ ਸ਼ੋਸ਼ਣ ਹੁੰਦਾ ਸੀ, ਖਾਸ ਤੌਰ 'ਤੇ ਜਿਣਸੀ ਸ਼ੋਸ਼ਣ। ਜਿਸ ਨਾਲ ਗਰਭਵਤੀ ਹੋਣ ਤੇ ਉਨ੍ਹਾਂ ਨੂੰ ਜਾਂ ਤਾਂ ਖੁਦਕਸ਼ੀ ਕਰਨੀ ਪੈਂਦੀ ਸੀ ਜਾਂ ਆਪਣਾ ਗਰਭਪਾਤ ਕਰਵਾਉਣਾ ਪੈਂਦਾ ਸੀ। ਇਸ ਵਾਸਤੇ ਫੂਲੇ ਜੋੜੀ ਨੇ "ਬਾਲ-ਹੱਤਿਆ ਪ੍ਰਤੀਬੰਧਕ ਗ੍ਰਹਿ"




ਬਣਾਇਆ ਜਿੱਥੇ ਇਨ੍ਹਾਂ ਮਜ਼ਬੂਰ ਔਰਤਾਂ ਨੂੰ ਸ਼ਰਨ ਦਿੱਤੀ ਜਾਂਦੀ ਸੀ। ਛੂਤ-ਛਾਤ ਦਾ ਬਹੁਤ ਹੀ ਜ਼ਿਆਦਾ ਬੋਲਬਾਲਾ ਸੀ। ਅਛੂਤ ਲੋਕ ਪਾਣੀ ਤੋਂ ਅਵਾਜ਼ਾਰ ਸਨ। ਇਸ ਦੇ ਹੱਲ ਲਈ ਉਨ੍ਹਾਂ ਆਪਣੇ ਘਰ ਵਿੱਚ ਖੂਹ




ਲਗਵਾਇਆ ਜਿੱਥੋਂ ਅਛੂਤ ਪਾਣੀ ਲੈ ਸਕਦੇ ਸਨ। ਉਨ੍ਹਾਂ ਆਪਣੀ ਸਾਰੀ ਉਮਰ ਜਾਤ-ਪਾਤ, ਛੂਤ-ਛਾਤ, ਸਤੀ-ਪ੍ਰਥਾ, ਬਾਲ-ਵਿਆਹ, ਮਰਦ ਅਤੇ ਔਰਤ ਦੀ ਨਾਬਰਾਬਰੀ ਅਤੇ ਹੋਰ ਸਮਾਜਿਕ ਬੁਰਾਈਆਂ ਦੂਰ ਕਰਨ ਲਈ ਘਾਲਣਾ ਕੀਤੀ।

ਸੰਨ 1897 ਵਿੱਚ ਜਦ ਪਲੇਗ ਮਹਾਂਮਾਰੀ ਫੈਲੀ ਤਾਂ ਇਹਨਾਂ ਦੇ ਗੋਦ ਲਏ ਪੁੱਤਰ ਯਸ਼ਵੰਤ ਰਾਓ ਨੇ ਪਲੇਗ ਦੇ ਮਰੀਜ਼ਾਂ ਦੇ ਇਲਾਜ ਲਈ ਪੂਨੇ ਦੇ ਬਾਹਰਵਾਰ ਕਲਿਨਿਕ ਖੋਲ੍ਹਿਆ। ਸਵਿੱਤਰੀਬਾਈ ਪਲੇਗ ਦੇ ਮਰੀਜ਼ਾਂ ਨੂੰ ਉੱਥੇ ਆਪ ਲੈ ਕੇ ਜਾਂਦੀ ਤੇ ਉਹਨਾਂ ਦੀ ਸੇਵਾ ਕਰਦੀ। ਇੰਝ ਕਰਦਿਆਂ ਇਸ ਬੀਮਾਰੀ ਦੀ ਜਕੜ ਵਿੱਚ ਉਹ ਖੁਦ ਆ ਗਈ ਤੇ 10 ਮਾਰਚ 1897 ਨੂੰ ਇਸ ਸੰਸਾਰ ਨੂੰ ਅਲਵਿਦਾ ਕਹਿ ਗਈ।

ਸਵਿੱਤਰੀਬਾਈ ਸਮਾਜ ਸੁਧਾਰਕ ਦੇ ਨਾਲ ਇੱਕ ਵਧੀਆ ਕਵਿੱਤਰੀ ਵੀ ਸੀ ਜਿਸ ਨੇ ਆਪਣੀਆਂ ਕਵਿਤਾਵਾਂ ਨੂੰ ਆਪਣੇ ਮਿਸ਼ਨ ਲਈ ਵਰਤਿਆ। ਉਸਦੀਆਂ ਕਵਿਤਾਵਾਂ ਵਿਤਕਰੇ ਅਤੇ ਭੇਦ-ਭਾਵ ਦੇ ਉਲਟ ਅਤੇ ਗਿਆਨ ਪ੍ਰਾਪਤੀ ਦਾ ਸੁਨੇਹਾ ਦੇਣ ਵਾਲੀਆਂ ਹਨ। ਇਨ੍ਹਾਂ ਕਵਿਤਾਵਾਂ ਦਾ ਸੁਨੇਹਾ ਸੀ, "ਜਾਓ, ਵਿੱਦਿਆ ਪ੍ਰਾਪਤ ਕਰੋ।", "ਵਿੱਦਿਆ ਪ੍ਰਾਪਤੀ ਦੇ ਸੁਨਹਿਰੀ ਮੌਕੇ ਦਾ ਲਾਭ ਉਠਾਓ", "ਬਿਨਾਂ ਗਿਆਨ, ਸਬ ਕੁਝ ਦਾ ਨੁਕਸਾਨ", "ਮਿਹਨਤ ਕਰੋ ਤੇ ਆਤਮ ਨਿਰਭਰ ਬਣੋ", "ਸਿੱਖੋ ਤੇ ਜਾਤਾਂ ਦੇ ਬੰਧਨ ਤੋੜ ਦਿਓ"। ਸਾਵਿੱਤਰੀ ਬਾਈ ਫੂਲੇ ਦੇ ਦੋ ਕਾਵਿ-ਸੰਗ੍ਰਹਿ ਛਪੇ ਪਹਿਲਾ 'ਕਾਵਯਾ ਫੂਲੇ' (1854 ਈ.) ਅਤੇ ਦੂਸਰਾ "ਬਾਵਨ ਕਾਸ਼ੀ ਸੁਬੋਧ ਰਤਨਾਕਰ' (1892



ਈ.)। ਪਹਿਲਾ ਕਾਵਿ-ਸੰਗ੍ਰਹਿ ਛਪਣ ਸਮੇਂ ਸਾਵਿੱਤਰੀ ਬਾਈ ਫੂਲੇ ਦੀ ਉਮਰ 23 ਸਾਲ ਸੀ। ਇਸ ਸੰਗ੍ਰਹਿ ਵਿੱਚ ਧਰਮ, ਧਰਮ ਸ਼ਾਸਤਰ, ਧਾਰਮਿਕ ਪਾਖੰਡਾਂ ਤੇ ਕੁਰੀਤੀਆਂ ਖ਼ਿਲਾਫ਼ ਲਿਖਿਆ ਗਿਆ ਹੈ। ਸਾਵਿੱਤਰੀ ਬਾਈ ਫੂਲੇ ਦਾ ਦੂਜਾ ਕਾਵਿ ਸੰਗ੍ਰਹਿ ਬਾਵਨਕਸ਼ੀ ਸੁਬੋਧ ਰਤਨਾਕਰ ਸਮੁੱਚੇ ਤੌਰ 'ਤੇ ਜਯੋਤੀ ਰਾਉ ਫੂਲੇ ਨੂੰ ਸਮਰਪਿਤ ਹੈ, ਜਿਸ ਵਿੱਚ ਫੂਲੇ ਦੀਆਂ ਪ੍ਰਮੁੱਖ ਘਟਨਾਵਾਂ ਨੂੰ ਤੇ ਵਿਚਾਰਾਂ ਨੂੰ 52 ਛੰਦਾਂ ਵਿੱਚ ਕਾਵਿ ਦਾ ਰੂਪ ਦਿੱਤਾ ਗਿਆ ਹੈ।

ਮਹਾਂਰਾਸ਼ਟਰ ਦੀ ਸਰਕਾਰ ਵਲੋਂ ਉਨ੍ਹਾਂ ਦੀ ਯਾਦ ਵਿੱਚ ਹਰ ਸਾਲ ਸਮਾਜ -ਸੁਧਾਰ ਲਈ ਕੰਮ ਕਰਨ ਵਾਲੀ ਔਰਤ ਨੂੰ ਅਵਾਰਡ ਦਿੱਤਾ ਜਾਂਦਾ ਹੈ। ਸੰਨ 1998 ਵਿੱਚ 10 ਮਾਰਚ ਨੂੰ ਉਨ੍ਹਾਂ ਦੀ ਯਾਦ ਵਿੱਚ ਡਾਕ-ਤਾਰ ਵਿਭਾਗ ਵਲੋਂ ਡਾਕ ਟਿਕਟ ਜਾਰੀ ਕੀਤਾ



ਗਿਆ। ਸੰਨ 2015 ਵਿੱਚ ਉਨ੍ਹਾਂ ਦੇ ਸਨਮਾਨ ਹਿਤ "ਪੂਨਾ ਯੂਨੀਵਰਸਿਟੀ" ਦਾ ਨਾਂ "ਸਵਿੱਤਰੀਬਾਈ ਫੂਲੇ ਪੂਨਾ ਯੂਨੀਵਰਸਿਟੀ" ਰੱਖਿਆ ਗਿਆ। ਹੁਣੇ ਹੀ 3 ਜਨਵਰੀ ਨੂੰ ਗੂਗਲ ਦੁਆਰਾ ਉਹਨਾਂ ਦੇ 186ਵੇਂ ਜਨਮ ਦਿਨ ਤੇ ਸਨਮਾਨ ਹਿੱਤ 'ਗੂਗਲ ਡੂਡਲ' ਜਾਰੀ ਕੀਤਾ ਜਿਸ ਵਿੱਚ ਸਵਿੱਤਰੀਬਾਈ ਨੂੰ ਆਪਣੇ ਪੱਲੂ ਹੇਠ ਔਰਤਾਂ ਨੂੰ ਆਪਣੀ ਬੁੱਕਲ ਵਿੱਚ ਲੈਂਦੇ ਦਿਖਾਇਆ ਗਿਆ ਹੈ।

ਸਾਵਿਤਰੀਬਾਈ ਦੀ ਇੱਕ ਮਸ਼ਹੂਰ ਕਵਿਤਾ

ਜਾਓ ਜਾਕਰ ਪੜ੍ਹੋ-ਲਿਖੋ
ਬਨੋ ਆਤਮਨਿਰਭਰ, ਬਨੋ ਮੇਹਨਤੀ
ਕਾਮ ਕਰੋ-ਗਿਆਨ ਔਰ ਧਨ ਇਕਠਾ ਕਰੋ
ਗਿਆਨ ਕੇ ਬਿਨਾ ਸਬ ਖੋ ਜਾਤਾ ਹੈ
ਗਿਆਨ ਕੇ ਬਿਨਾ ਹਮ ਜਾਨਵਰ ਬਨ ਜਾਤੇ ਹੈਂ
ਇਸ ਲਿਏ ਖਾਲੀ ਨਾ ਬੈਠੋ, ਜਾਓ, ਜਾਕਰ ਸ਼ਿਕਸ਼ਾ ਲੋ
ਦਮਿਤੋਂ ਔਰ ਤਿਆਗ ਦਿਏ ਗਯੋਂ ਕੇ ਦੁਖੋਂ ਕਾ ਅੰਤ ਕਰੋ
ਤੁਮ੍ਹਾਰੇ ਪਾਸ ਸੀਖਨੇ ਕਾ ਸੁਨਹਰਾ ਮੌਕਾ ਹੈ
ਇਸ ਲਿਏ ਸੀਖੋ ਔਰ ਜਾਤਿ ਕੇ ਬੰਧਨ ਤੋੜ ਦੋ
ਬ੍ਰਾਹਮਣੋਂ ਕੇ ਗ੍ਰੰਥ ਜਲਦੀ ਸੇ ਜਲਦੀ ਫੇਂਕ ਦੋ।

# ਮਾਤਾ ਸਵਿੱਤਰੀ ਬਾਈ ਫੂਲੇ ਜੀ

### 3 ਜਨਵਰੀ ਜਨਮ ਦਿਵਸ ਭਾਰਤ ਦੀ ਪਹਿਲੀ ਅਧਿਆਪਕਾ ਨੂੰ ਸਮਰਪਿਤ ਬਾਲ ਗੀਤ




ਕਹੇ ਮਾਂ ਸਵਿੱਤਰੀ ਫੂਲੇ, ਸਵਿੱਤਰੀ ਫੂਲੇ
ਚਲੋ ਸਕੂਲੇ....
ਚਲੋ ਸਕੂਲੇ.....

ਸਦੀਆਂ ਦਾ ਅੰਧਕਾਰ ਮਿਟਾਓ
ਆਪਣੇ ਗਲ਼ੋਂ ਗੁਲਾਮੀਂ ਲਾਹੋ
ਰੋਕੇ ਨਾ ਕੋਈ ਰਾਹ ਅਸਾਡਾ
ਝੰਡਾ ਆਜ਼ਾਦੀ ਦਾ ਝੂਲੇ........
ਚਲੋ ਸਕੂਲੇ.....

ਸਾਹਿਤ ਅਤੇ ਇਤਿਹਾਸ ਪੜ੍ਹਾਓ
ਬੱਚਿਆਂ ਨੂੰ ਸਭ ਖਾਸ ਪੜ੍ਹਾਓ
ਵਿੱਦਿਆ ਦੇ ਦਰ ਖੋਹਲੇ ਸਭ ਲਈ
ਨਾ ਕੀਮਤ ਕੋਈ ਵਸੂਲੇ......
ਚਲੋ ਸਕੂਲੇ......

ਦੁਸ਼ਮਣ ਹੈ ਵੱਡਾ ਅਗਿਆਨ
ਸਹੀ ਮਿੱਤਰ ਬਣਾ ਲਓ ਗਿਆਨ
ਸੋਹਣਾ ਲਿਖੀਏ, ਸੋਹਣਾ ਪੜ੍ਹੀਏ
ਮਨ ਚੰਗੀ ਗੱਲ ਕਬੂਲੇ.....
ਚਲੋ ਸਕੂਲੇ.....

ਅਧਿਆਪਕ ਦਾ ਸਤਿਕਾਰ ਜਰੂਰੀ
ਨਾਲ਼ ਪੜ੍ਹਾਈ ਪਿਆਰ ਜਰੂਰੀ
ਹੱਥਾਂ ਵਿੱਚ ਕਿਤਾਬ ਹੈ ਸੋਂਹਦੀ
ਨਾ ਇਹ ਗੁਰਮੰਤਰ ਭੂਲੇ......
ਚਲੋ ਸਕੂਲੇ......

ਆਪਣਾ-ਆਪਣਾ ਫਰਜ਼ ਨਿਭਾਈਏ
ਹੱਕਾਂ ਲਈ ਆਵਾਜ਼ ਉਠਾਈਏ
ਰਣਜੀਤ ਹਠੂਰ ਅਸੀਂ ਰਾਹ ਰੁਸ਼ਨਾਈਏ
ਨਾ ਰੱਖੀਏ ਨ੍ਹੇਰੇ ਓਹਲੇ......
ਚਲੋ ਸਕੂਲੇ.....

ਕਹੇ ਮਾਂ ਸਵਿੱਤਰੀ ਫੂਲੇ, ਸਵਿੱਤਰੀ ਫੂਲੇ
ਚਲੋ ਸਕੂਲੇ......ਚਲੋ ਸਕੂਲੇ.......



**ਰਣਜੀਤ ਸਿੰਘ ਹਠੂਰ**
**ਸੰਪਰਕ:99155-13137**

# The Kabaddi Federation of Ontario unanimously elected committee of the year 2025

**SAMAJ WEEKLY UK-BRAMPTON:** The Kabaddi Federation of Ontario is known as the premier organization of Kabaddi. This organization has played an important contribution to the development of Kabaddi worldwide. Yesterday, in an important meeting of Kabaddi Federation of Ontario, the unanimously elected committee of the year 2025 was taken over. Bant Nijhar Chairman, Jassi Sarai President, Jarnail Mand Vice President, Tirth Deol Secretary, Manjit Ghotra Treasurer, Malkit Singh Deol Director and Harjinder Singh Sanghhera Director were elected in the newly elected committee. All selected members have decades of experience in the Kabaddi field.

**Ontario – (Harjinder pal Chhabra) 9592282333**




# ਨਵੇਂ ਸਾਲ ਦੀ ਆਮਦ ਤੇ ਸਿਵਲ ਸਰਜਨ ਦਫ਼ਤਰ ਵਿਖੇ ਸ੍ਰੀ ਸੁਖਮਣੀ ਸਾਹਿਬ ਦਾ ਪਾਠ ਕਰਵਾਇਆ ਗਿਆ



**ਹੁਸ਼ਿਆਰਪੁਰ (ਤਰਸੇਮ ਦੀਵਾਨਾ )** ਨਵੇ ਸਾਲ ਦੀ ਆਮਦ ਤੇ ਸਿਵਲ ਸਰਜਨ ਦਫਤਰ ਹੁਸ਼ਿਆਰਪੁਰ ਦੇ ਸਮੂਹ ਸਟਾਫ ਵੱਲੋ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦਾ ਭੋਗ ਪਾਉਣ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈਂਦੇ ਹੋਏ ਨਵੀਂ ਸੋਚ ਨਾਲ ਸ਼ੁਰੂਆਤ ਕੀਤੀ । ਇਸ ਮੌਕੇ ਰਾਗੀ ਸਿੰਘਾਂ ਵੱਲੋ ਕੀਰਤਨ ਕੀਤਾ ਗਿਆ । ਅਰਦਾਸ ਉਪਰੰਤ ਸਿਵਲ ਸਰਜਨ ਡਾ. ਪਵਨ ਕੁਮਾਰ ਸ਼ਗੋਤਰਾ ਨੇ ਸਮੂਹ ਸਟਾਫ ਨੂੰ ਮੁਬਾਰਕਬਾਦ ਦਿੰਦੇ ਹੋਏ ਨਵੇ ਸਾਲ ਵਿੱਚ ਆਪਣਾ ਕੰਮ ਪੂਰੀ ਤਨਦੇਹੀ, ਇਮਾਨਦਾਰੀ ਅਤੇ ਬਿਨਾ ਭੇਦ ਭਾਵ ਤੋ ਕਰਨ ਲਈ ਕਿਹਾ ਤਾਂ ਜੋ ਲੋਕਾਂ ਨੂੰ ਬੇਹਤਰ ਤੇ ਮਿਆਰੀ ਸਿਹਤ ਸੇਵਾਂਵਾਂ ਮਿਲ ਸਕਣ ।ਉਨਾਂ ਕਿਹਾ ਕਿ ਪਿੱਛਲੇ ਵਰ੍ਹੇ ਦੋਰਾਨ ਸਿਹਤ ਅਮਲੇ ਵੱਲੋ ਆਪਣੀ ਡਿਉਟੀ ਬਾਖੂਬੀ ਨਿਭਾਈ ਹੈ ਅਤੇ ਭਵਿੱਖ ਵਿੱਚ ਵੀ ਸਿਹਤ ਵਿਭਾਗ ਚੰਗੀਆਂ ਸੇਵਾਂਵਾਂ ਦੇਣ ਲਈ ਵਚਨਵੱਧ ਹੈ । ਇਸ ਮੌਕੇ ਸਹਾਇਕ ਸਿਵਲ ਸਰਜਨ ਡਾ. ਕਮਲੇਸ਼ ਕੌਰ , ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ.ਅਨੀਤਾ ਕਟਾਰੀਆ , ਅਤੇ ਸਮੂਹ ਸਿਹਤ ਅਮਲਾ ਹਾਜ਼ਰ ਰਿਹਾ।

**ਫੋਟੋ ਅਜਮੇਰ ਦੀਵਾਨਾ**

# ਜਨਮਾਂ ਜਨਮਾਂ ਤੱਕ...

ਰੁੱਸਦੇ ਮਨਾਉਂਦੇ ਰਹਾਂਗੇ,
ਹੱਸਦਾ ਹਸਾਉਂਦੇ ਰਹਾਂਗੇ।
ਇੰਝ ਹੀ ਜਨਮਾਂ-ਜਨਮਾਂ ਤੱਕ,
ਨਿੱਭਦੇ ਨਿਭਾਉਂਦੇ ਰਹਾਂਗੇ।
ਰੁੱਸਦੇ....
ਪੱਲਾ ਫੜਿਆ ਸਦਾ ਲਈ,
ਕਦੇ ਛੱਡਣਾ ਵੀ ਨਹੀਂ।
ਅਹਿਸਾਸ ਇਹ ਖ਼ਾਸ,
ਦਿਲੋਂ ਕੱਢਣਾ ਵੀ ਨਹੀਂ।
ਇਸ਼ਕੇ ਦੇ ਬੂਟੇ ਨੂੰ ਸਦਾ,
ਸਿੰਜਦੇ ਸਜਾਉਂਦੇ ਰਹਾਂਗੇ।
ਰੁੱਸਦੇ....
ਰੋਸੇ ਲੱਖਾਂ ਭਾਵੇਂ ਹੋਵਣ,
ਪਿਆਰ ਘੱਟ ਨਹੀਂ ਹੋਣਾ।
ਮੰਨਿਆ ਕਿ ਸਾਥੋਂ ਨਾਮ,
ਤੋਤਾ ਬਣ ਰੱਟ ਨਹੀਂ ਹੋਣਾ।
ਪ੍ਰੇਮ ਵਾਲ਼ੀ ਗਲ਼ੀ ਪਰ,
ਲੰਘਦੇ ਲਘਾਉਂਦੇ ਰਹਾਂਗੇ।
ਰੁੱਸਦੇ....
ਹੋ ਕੇ ਅੱਗੇ ਨਾ ਤੁਰ ਜਾਵੀਂ,
ਬਹੁਤਾ ਪਿੱਛੇ ਵੀ ਨਾ ਰਹੀਂ।
ਕਦਮਾਂ ਨਾਲ ਕਦਮ ਮਿਲਾ,
ਹੱਥਾਂ ਵਿੱਚ ਹੱਥ ਨੂੰ ਫੜੀ।
ਸਿੰਗ ਭਾਵੇਂ ਟੁੱਟ ਜਾਣ 'ਮਨ',
ਫਸਦੇ ਫਸਾਉਂਦੇ ਰਹਾਂਗੇ।
ਰੁੱਸਦੇ.....



**ਮਨਜੀਤ ਕੌਰ ਧੀਮਾਨ,**
**ਸ਼ੇਰਪੁਰ, ਲੁਧਿਆਣਾ।**
**ਸੰ:9464633059**

# ਰੋਪੜ ਤੋਂ ਜਾ ਰਹੀ ਸਰਹੰਦ ਨਹਿਰ ਨੂੰ ਪੱਕਾ ਕਰਨ ਦੇ ਵਿਰੁੱਧ ਕਿਸਾਨ ਜਥੇਬੰਦੀਆਂ ਵੱਲੋਂ ਮੋਰਚਾ ਲਾਉਣ ਦੀ ਤਿਆਰੀ

**ਮਾਛੀਵਾੜਾ ਸਾਹਿਬ/ਬਲਬੀਰ ਸਿੰਘ ਬੱਬੀ।** ਰੋਪੜ ਤੋਂ ਦੋਰ-ਾਹਾ ਜਾਣ ਵਾਲੀ ਸਰਹੰਦ ਨਹਿਰ ਨੂੰ ਪੰਜਾਬ ਸਰਕਾਰ ਵੱਲੋਂ ਪੱਕਿਆਂ ਕਰਨ ਦਾ ਕੰਮ ਸ਼ੁਰੂ ਕਰਨ ਦੀਆਂ ਖਬਰਾਂ ਆਈਆਂ ਹਨ। ਅੱਜ ਵੱਖ-ਵੱਖ ਕਿਸਾਨ ਜਥੇਬੰਦੀਆਂ ਰਾਜਨੀਤਿਕ ਆਗੂਆਂ ਤੇ ਆਮ ਲੋਕਾਂ ਨੇ ਇਸ ਨਹਿਰ ਨੂੰ ਪੱਕਿਆਂ ਕਰਨ ਦਾ ਵਿਰੋਧ ਕੀਤਾ ਹੈ। ਕਿਸਾਨ ਜਥੇਬੰਦੀਆਂ ਦੀ ਇੱਕ ਅਹਿਮ ਮੀਟਿੰਗ ਗੜੀ ਪੁੱਲ ਦੇ ਉੱਪਰ ਹੋਈ ਅੱਜ ਕਿਸਾਨ ਯੂਨੀਅਨਾਂ ਰਾਜਨੀਤਿਕ ਆਗੂਆਂ ਅਤੇ ਲੋਕਾਂ ਨੇ ਇਸ ਦਾ ਡੱਟਵਾਂ ਵਿਰੋਧ ਕਰਦਿਆਂ ਕੰਮ ਨੂੰ ਬੰਦ ਕਰਵਾਉਣ ਲਈ ਮੋਰਚਾ ਲਗਾਉਣ ਦਾ ਐਲਾਨ ਕਰ ਦਿੱਤਾ ਹੈ।

ਸਰਹਿੰਦ ਨਹਿਰ ਕਿਨਾਰੇ ਪਿੰਡ ਗੜ੍ਹੀ ਵਿਖੇ ਕਿਸਾਨ ਯੂਨੀਅਨ ਲੱਖੋਵਾਲ, ਕਿਸਾਨ ਯੂਨੀਅਨ ਰਾਜੇਵਾਲ, ਕਿਸਾਨ ਯੂਨੀਅਨ ਕਾਦੀਆਂ, ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਤੋਂ ਇਲਾਵਾ ਲੋਕਾਂ ਦਾ ਵੱਡਾ ਇਕੱਠ ਹੋਇਆ। ਇਕੱਤਰ ਹੋਏ ਆਗੂਆਂ ਤੇ ਲੋਕਾਂ ਦਾ ਕਹਿਣਾ ਹੈ ਜੇਕਰ ਸਰਹਿੰਦ ਨਹਿਰ ਪੱਕੀ ਕਰ ਦਿੱਤੀ ਗਈ ਤਾਂ ਪਾਣੀ ਦਾ ਪੱਧਰ ਹੇਠਾਂ ਚਲਾ ਜਾਵੇਗਾ ਅਤੇ ਹਜ਼ਾਰਾਂ ਏਕੜ ਜ਼ਮੀਨ ਬੰਜ਼ਰ ਹੋਣ ਵੱਲ ਵਧੇਗੀ। ਕਿਸਾਨਾਂ ਨੇ ਕਿਹਾ ਕਿ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਤਾਂ ਪਹਿਲਾਂ ਹੀ ਹੇਠਾਂ ਡਿੱਗਦਾ



ਜਾ ਰਿਹਾ ਹੈ ਅਤੇ ਜੇਕਰ ਸਰਕਾਰਾਂ ਨੇ ਇਹ ਨਹਿਰਾਂ ਪੱਕੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਤਾਂ ਇਹ ਹੋਰ ਡਿੱਗ ਜਾਵੇਗਾ। ਕਿਸਾਨ ਆਗੂਆਂ ਨੇ ਕਿਹਾ ਕਿ ਆਪਣੀਆਂ ਆਉਣ ਵਾਲੀਆਂ ਫ਼ਸਲਾਂ ਤੇ ਨਸਲਾਂ ਨੂੰ ਬਚਾਉਣ ਲਈ ਇੱਕਜੁਟ ਹੋ ਕੇ ਸਰਹਿੰਦ ਨਹਿਰ ਨੂੰ ਪੱਕੀ ਕਰਨ ਦਾ ਕੰਮ ਬੰਦ ਕਰਵਾਉਣਾ ਬਹੁਤ ਜ਼ਰੂਰੀ ਹੈ। ਅੱਜ ਸਾਰੀਆਂ ਕਿਸਾਨ ਯੂਨੀਅਨਾਂ ਨੇ ਫ਼ੈਸਲਾ ਲਿਆ ਕਿ ਪਹਿਲਾਂ ਪ੍ਰਸਾਸ਼ਨਿਕ ਅਧਿਕਾਰੀਆਂ ਨੂੰ ਮਿਲ ਕੇ ਸਰਹਿੰਦ ਨਹਿਰ ਪੱਕੀ ਕਰਵਾਉਣ ਦਾ ਕੰਮ ਬੰਦ ਕਰਵਾਉਣ ਸਬੰਧੀ ਪੱਤਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ 3 ਜਨਵਰੀ ਨੂੰ ਸਵੇਰੇ 10 ਵਜੇ ਪਿੰਡਾਂ ਦੇ ਲੋਕ ਅਤੇ ਕਿਸਾਨ ਯੂਨੀਅਨਾਂ ਸਰਹਿੰਦ ਨਹਿਰ ਦੇ ਗੜ੍ਹੀ ਪੁਲ 'ਤੇ ਇਕੱਤਰ ਹੋਣਗੀਆਂ ਅਤੇ ਇੱਥੇ ਪੱਕਾ ਕਿਸਾਨ ਮੋਰਚਾ ਲਗਾਇਆ ਜਾਵੇਗਾ।

ਕਿਸਾਨ ਆਗੂਆਂ ਨੇ ਕਿਹਾ ਕਿ ਮੋਰਚਾ ਉਦੋਂ ਤੱਕ ਜਾਰੀ ਰਹੇਗਾ, ਜਦੋਂ ਤੱਕ ਪ੍ਰਸਾਸ਼ਨ ਸਰਹਿੰਦ ਨਹਿਰ ਨੂੰ ਪੱਕੀ ਕਰਨ ਦਾ ਕੰਮ ਮੁਕੰਮਲ ਤੌਰ 'ਤੇ ਬੰਦ ਨਹੀਂ ਕਰਵਾ ਦਿੰਦਾ। ਕਿਸਾਨ ਆਗੂਆਂ ਨੇ ਕਿਹਾ ਕਿ ਸੜਕ ਜਾਮ ਕਰਕੇ ਲੋਕਾਂ ਨੂੰ ਪਰੇਸ਼ਾਨੀ ਆਉਂਦੀ ਹੈ, ਉਸ ਬਾਰੇ ਭਲੀਭਾਂਤ ਜਾਣੂੰ ਹਾਂ ਪਰ ਆਪਣੀਆਂ ਬੰਜਰ ਹੋਣ ਜਾ ਰਹੀਆਂ ਜ਼ਮੀਨਾਂ ਨੂੰ ਬਚਾਉਣ ਲਈ ਇਸ ਪੱਕੀ ਹੋ ਰਹੀ ਸਰਹਿੰਦ ਨਹਿਰ ਦੇ ਕੰਮ ਨੂੰ ਰੋਕਣ ਲਈ ਅਜਿਹੇ ਮੋਰਚੇ ਜ਼ਰੂਰੀ ਹਨ। ਇਸ ਤੋਂ ਇਲ-ਾਵਾ ਰੋਪੜ ਤੋਂ ਲੈ ਕੇ ਦੋਰਾਹਾ ਤੱਕ ਸਰਹਿੰਦ ਨਹਿਰ ਕਿਨਾਰੇ ਪਿੰਡਾਂ ਦੇ ਲੋਕਾਂ ਨੂੰ ਸੁਨੇਹੇ ਲਗਾ ਕੇ ਇੱਕ ਵੱਡਾ ਕਿਸਾਨ ਮੋਰਚਾ ਬਣਾਉਣ ਲਈ ਕਮੇਟੀਆਂ ਬਣਾਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਮੋਰਚੇ 'ਚ ਸਿਆਸੀ ਪਾਰਟੀਆਂ ਦੇ ਆਗੂ ਵੀ ਸ਼ਮੂਲੀਅਤ ਕਰ ਸਕਦੇ ਹਨ ਅਤੇ ਸਰਹਿੰਦ ਨਹਿਰ ਨੂੰ ਪੱਕੀ ਕਰਨ ਤੋਂ ਰੋਕਣ ਲਈ ਉਨ੍ਹਾਂ ਦਾ ਸਾਥ ਵੀ ਸਾਡੇ ਲਈ ਅਹਿਮ ਹੋਵੇਗਾ। ਕਿਸਾਨ ਆਗੂਆਂ ਨੇ ਇਹ ਵੀ ਕਿਹਾ ਕਿ ਇਹ ਅਣਮਿੱਥੇ ਸਮੇਂ ਲਈ ਲਗਾਏ ਜਾ ਰਹੇ ਕਿਸਾਨ ਮੋਰਚੇ ਲਈ ਲੰਗਰ ਦਾ ਪ੍ਰਬੰਧ ਵੀ ਕੀਤਾ ਜਾਵੇਗਾ। ਇਸ ਮੌਕੇ ਅਵਤਾਰ ਸਿੰਘ ਮੇਹਲੋਂ, ਸੁਖਵਿੰਦਰ ਸਿੰਘ ਭੱਟੀਆਂ, ਹਰਦੀਪ ਸਿੰਘ ਗਿਆਸਪੁਰਾ, ਸ਼੍ਰੋਮਣੀ ਅਕਾਲੀ ਦਲ ਦੇ ਪਰਮਜੀਤ ਸਿੰਘ ਢਿੱਲੋਂ, ਕਾਂਗਰਸ ਬਲਾਕ ਪ੍ਰਧਾਨ ਪਰਮਿੰਦਰ ਤਿਵਾੜੀ, ਅਮਰਜੀਤ ਬਾਲਿਓਂ, ਹਰਜਿੰਦਰ ਸਿੰਘ ਟੋਡਰਪੁਰ, ਗੁਰਦੀਪ ਸਿੰਘ ਮਿਲਕੋਵਾਲ, ਮਨਜੀਤ ਸਿੰਘ ਪਵਾਤ, ਕਰਮਜੀਤ ਸਿੰਘ ਅਢਿਆਣਾ, ਕਰਮਜੀਤ ਸਿੰਘ ਮਾਂਗਟ, ਬਾਬਾ ਹਰਬੰਤ ਸਿੰਘ, ਅਵਤਾਰ ਸਿੰਘ ਸ਼ੇਰੀਆਂ, ਜੋਗਿੰਦਰ ਸਿੰਘ ਸੇਹ, ਮਨਰਾਜ ਸਿੰਘ ਲੁਬਾਣਗੜ੍ਹ, ਮੇਜਰ ਸਿੰਘ ਲੰਬੜਦਾਰ ਤੱਖਰਾਂ, ਰਵਿੰਦਰ ਸਿੰਘ ਤੱਖਰਾਂ ਵੀ ਮੌਜੂਦ ਸਨ।

# ਸਿੱਖ ਨੈਸ਼ਨਲ ਕਾਲਜ ਬੰਗਾ ਵਿਖੇ ਕਾਲਜ ਦੇ ਸਾਬਕਾ ਪ੍ਰੋਫੈਸਰ ਸਾਹਿਬਾਨ ਦੀ ਆਮਦ ਤੇ ਸਮਾਗਮ ਹੋਇਆ

**ਨਵਾਂਸ਼ਹਿਰ/ਬੰਗਾ (ਸਤਨਾਮ ਸਿੰਘ ਸਹੂੰਗੜਾ)** ਸਿੱਖ ਨੈਸ਼ਨਲ ਕਾਲਜ ਬੰਗਾ ਵਿਖੇ ਲੰਬਾ ਸਮਾਂ ਸੇਵਾਵਾਂ ਨਿਭਾ ਕੇ ਸੇਵਾ ਮੁਕਤ ਹੋਏ ਪ੍ਰੋ. ਦਰਸ਼ਨ ਸਿੰਘ ਅਤੇ ਪ੍ਰੋ. ਅਵਤਾਰ ਸਿੰਘ ਨੇ ਆਪੋ-ਆਪਣੇ ਪਰਿਵਾਰਾਂ ਸਾਹਿਤ ਕਾਲਜ ਵਿਖੇ ਵਿਸ਼ੇਸ਼ ਤੌਰ 'ਤੇ ਪਧਾਰੇ । ਕਾਲਜ ਪਹੁੰਚਣ 'ਤੇ ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਨੇ ਉਨ੍ਹਾਂ ਦਾ ਭਰਪੂਰ ਸਵਾਗਤ ਕੀਤਾ। ਇਸ ਮਿਲਣੀ ਦੌਰਾਨ ਜਿੱਥੇ ਪ੍ਰੋ. ਸਾਹਿਬਾਨ ਨੇ ਭੁੱਲੀਆਂ-ਵਿਸਰੀਆਂ ਯਾਦਾਂ ਨੂੰ ਮੁੜ ਤੋਂ ਆਪਣੇ ਜ਼ਿਹਨ ਵਿੱਚ ਲਿਆ ਕੇ ਤਾਜ਼ਾ ਕੀਤਾ ਉੱਥੇ ਨਾਲ ਹੀ ਕਾਲਜ ਦੇ ਵਿਕਾਸ ਕਾਰਜਾਂ ਬਾਰੇ ਵੀ ਭਰਪੂਰ ਚਰਚਾ ਕੀਤੀ। ਪ੍ਰੋ. ਅਵਤਾਰ ਸਿੰਘ ਹੁਰਾਂ ਨੇ ਦੱਸਿਆ ਕਿ ਸੋਸ਼ਲ ਤੇ ਪ੍ਰਿੰਟ ਮੀਡੀਆ ਰਾਹੀਂ ਮੈਂ ਕਾਲਜ ਨਾਲ ਅੱਜ ਵੀ ਜੁੜਿਆ ਹਾਂ ਤੇ ਉਸ ਰਾਹੀਂ ਕਾਲਜ ਦੀਆਂ ਅਕਾਦਮਿਕ, ਸੱਭਿਆਚਾਰਕ, ਖੇਡਾਂ,ਐੱਨ.ਸੀ.ਸੀ ਤੇ ਐੱਨ. ਐੱਸ.ਐੱਸ ਦੀਆਂ ਪ੍ਰਾਪਤੀਆਂ ਬਾਰੇ ਪਤਾ ਲਗਦਾ ਹੈ ਜਿਸ ਲਈ ਪ੍ਰਿੰਸੀਪਲ ਸਾਹਿਬ ਤੇ ਉਨ੍ਹਾਂ ਦਾ




ਸਟਾਫ਼ ਵਧਾਈ ਦਾ ਪਾਤਰ ਹੈ । ਕਾਲਜ ਫੇਰੀ ਲਗਾ ਕੇ ਦੇਖਦਿਆਂ ਪ੍ਰੋ. ਦਰਸ਼ਨ ਸਿੰਘ ਹੁਰਾਂ ਨੇ ਨਵੇਂ ਲੱਗੇ ਸੋਲਰ ਪਲਾਂਟ ਅਤੇ ਅਧੁਨਿਕ ਸਹੂਲਤਾਂ ਨਾਲ ਤਿਆਰ ਕੀਤੇ ਪੈਂਜ਼ੀ ਇਕਮਿੰਦਰ ਸਿੰਘ ਸੰਧੂ ਸੈਮੀਨਾਰ ਹਾਲ ਦੀ ਦਿੱਖ ਵੇਖ ਕੇ ਬੇਹੱਦ ਖੁਸ਼ੀ ਜ਼ਾਹਰ ਕੀਤੀ ਤੇ ਪ੍ਰਿੰ. ਡਾ. ਤਰਸੇਮ ਸਿੰਘ ਭਿੰਡਰ ਨੂੰ ਤਕੜੀ ਸ਼ਾਬਾਸ਼ ਦਿੱਤੀ ਤੇ ਕਿਹਾ ਕਿ ਆਰਥਿਕ ਮੰਦਹਾਲੀ ਵਾਲੇ ਸਮੇਂ ਵਿੱਚ ਵੀ ਕਾਲਜ ਨੂੰ ਏਸ ਤਰ੍ਹਾਂ ਦੀ ਤਰੱਕੀ ਵੱਲ ਤੋਰਨਾ ਪ੍ਰਿੰਸੀਪਲ ਭਿੰਡਰ ਦੇ ਵੱਡੇ ਹੌਸਲੇ ਤੇ ਦੂਰਅੰਦੇਸ਼ੀ ਦੀ ਨਿਸ਼ਾਨੀ ਹੈ। ਪ੍ਰਿੰਸੀਪਲ ਸਾਹਿਬ ਨੇ ਵੀ ਇਸ ਮੌਕੇ ਇਨ੍ਹਾਂ ਵਿਕਾਸ ਕਾਰਜਾਂ ਲਈ ਸਹਿਯੋਗ ਦੇਣ ਵਾਲੇ ਸਮੂਹ ਦਾਨੀਆਂ ਦਾ ਧੰਨਵਾਦ ਕੀਤਾ।

ਇਸ ਮੌਕੇ ਹਾਜ਼ਰ ਪ੍ਰੋ. ਗੁਰਪ੍ਰੀਤ ਸਿੰਘ ਦੀ ਵੀ ਪ੍ਰੋ. ਦਰਸ਼ਨ ਸਿੰਘ ਤੇ ਪ੍ਰੋ. ਅਵਤਾਰ ਸਿੰਘ ਨੇ ਕਾਲਜ ਦੀਆਂ ਬਿਹਤਰੀਨ ਪ੍ਰਾਪਤੀਆਂ ਲਈ ਕੀਤੇ ਕਾਰਜਾਂ ਲਈ ਭਰਪੂਰ ਸ਼ਲਾਘਾ ਕੀਤੀ ਕਿਹਾ ਕਿ ਸਾਡੇ ਸੇਵਾ ਮੁਕਤ ਪਿੱਛੋਂ ਕਾਲਜ ਵਿੱਚ ਆਏ ਇਸ ਨੌਜਵਾਨ ਅਧਿਆਪਕ ਨੇ ਸਾਡੇ ਮਨ ਵਿੱਚ ਵੀ ਇੱਕ ਪਛਾਣ ਕਾਇਮ ਕੀਤੀ ਹੈ।

# ਸਾਹਿਤ ਸਮਾਜ

03/01/2025

## ਸਤਿਗੁਰ ਪਿਆਰਾ ਮੇਰੇ ਨਾਲ ਹੈ.....

ਮੇਰੀ ਸਾਰੀ ਜ਼ਿੰਦਗੀ ਅਜਿਹੀ ਗੁਜਰੀ, ਰੱਬ ਰੱਬ ਕਰਨਾ ਪਿਆ। ਭਾਵੇਂ ਖਾਂਦੇ ਪੀਂਦੇ ਕਾਮਰੇਡ ਦਾ ਪੁੱਤ ਸੀ, ਪੈਸੇ-ਟਕੇ ਵੱਲੋਂ ਤੰਗੀ ਰਹੀ। ਕੰਜੂਸ ਬਾਣੀਏ ਵਾਂਗੂੰ ਗੁਜ਼ਾਰਾ ਕਰਦਾ ਰਿਹਾ। ਪੜਨ ਲਈ ਪਿੰਡ ਵਿੱਚ ਸਕੂਲ ਨਹੀਂ ਸੀ, ਹਰਿਆਣੇ ਦੇ ਪਿੰਡ ਪਾਂਡੂ-ਪਿੰਡਾਰਾ ਜਾਂ ਸੀਵਨ ਪਿੰਡ ਦਾ ਪਾਧਾ (ਮਾਸਟਰ) ਦੌਲਤ ਰਾਮ ਪੰਡਿਤ, ਸਮਾਜ ਸੇਵੀਆਂ ਵਾਂਗੂੰ ਮੁਫਤ ਵਿੱਚ ਹੀ ਪੜਾਉਂਦਾ ਸੀ।ਮੈਂ ਸਾਈਕਲ ਦੇ ਮੇਚ ਦਾ ਨਹੀਂ ਸੀ, ਜਦੋਂ ਮੈਂ ਭਵਾਨੀਗੜ ਹਾਈ ਸਕੂਲ ਵਿੱਚ ਦਾਖਲ ਹੋਇਆ। ਛੇਵੀਂ-ਸੱਤਵੀਂ ਕਲਾਸ ਤੱਕ ਗੁਆਂਢ ਚੋਂ ਮੇਰਾ ਚਾਚਾ ਸਾਈਕਲ ਤੇ ਬਿਠਾ ਕੇ ਲੈ ਕੇ ਜਾਂਦਾ ਤੇ ਲਿਆਉਂਦਾ ਉਹ ਦੋ ਜਮਾਤਾਂ ਮੇਰੇ ਤੋਂ ਅੱਗੇ ਸੀ। ਹਰ ਰੋਜ਼ ਅੱਠ ਮੀਲ ਲੈਕੇ ਜਾਣਾ ਤੇ ਅੱਠ ਮੀਲ ਹੀ ਵਾਪਸ ਲੈਕੇ ਆਉਣਾ ਉਹ ਵੀ ਬਿਨਾਂ ਕਿਸੇ ਭਾੜੇ ਤੋਂ। ਪ੍ਰਾਇਮਰੀ ਤੋਂ ਬਾਅਦ ਇੱਕ ਕਮੀਜ਼-ਪਜਾਮੇ ਤੇ ਇੱਕ ਪਗੜੀ, ਜੁੱਤੀ ਦੇ ਜੋੜੇ ਨਾਲ ਹੀ ਦਸਵੀਂ ਪਾਸ ਕੀਤੀ। ਅੱਠਵੀਂ ਕਲਾਸ ਵਿੱਚ ਸੈਕਿੰਡ-ਹੈਂਡ ਸਾਈਕਲ ਤੇ ਛੋਟੀ ਕਾਠੀ ਲਾ ਕੇ ਦੇ ਦਿੱਤੀ ਘਰਦਿਆਂ ਨੇ। ਰਸਤੇ ਵਿੱਚ ਬਰਸਾਤਾਂ ਦੇ ਦਿਨਾਂ ਵਿੱਚ ਲੇਹੀ ਚੱਲਦੀ ਸੀ।ਚੋਆ ਆਮ ਤੌਰ ਤੇ ਤਾਂ ਨਾਲੀ ਚ ਹੀ ਚਲਦਾ ਸੀ,ਪਰ ਬਰਸਾਤਾਂ ਚ ਪਾਣੀ ਫੈਲ ਕੇ ਅੱਧਾ ਕਿਲੋਮੀਟਰ ਤੱਕ ਹੋ ਜਾਂਦਾ ਸੀ, ਲੇਹੀ ਲੰਘ ਕੇ ਅੱਧਾ-ਪੌਣਾ ਕਿਲੋਮੀਟਰ ਕੱਕੇ ਰੇਤੇ ਦਾ ਬਹੁਤ ਉੱਚਾ ਟਿੱਬਾ ਤੁਰ ਕੇ ਹੀ ਲੰਘਣਾ ਪੈਂਦਾ ਸੀ। ਆਪ ਤੁਰਨਾ ਤੇ ਨਾਲ ਸਾਈਕਲ ਤੇ



ਕਿਤਾਬਾਂ ਦੇ ਬਸਤੇ ਦਾ ਲੱਦਿਆ ਭਾਰ ਘੜੀਸਣਾ ਹੋਰ ਵੀ ਔਖਾ ਹੁੰਦਾ। 10-11 ਪਿੰਡ ਦੇ ਮੁੰਡੇ, ਸਾਰੇ ਰਲ ਕੇ ਹੀ ਉਘੜ-ਦੁਘੜੀਆਂ ਵਾਟਾਂ ਨਿਬੇੜਦੇ। ਔਖੇ-ਸੌਖੇ ਦਸਵੀਂ ਪਾਸ ਕੀਤੀ, ਥਰਡ ਡਿਵੀਜ਼ਨ ਵਿੱਚ। ਪਿੰਡ ਵਿੱਚ ਖੁਸ਼ੀ ਦੀ ਲਹਿਰ ਸੀ,ਕਿ ਮੈਂ ਤੇ ਮੇਰੇ ਚਚੇਰੇ ਭਰਾ ਨੇ ਦਸਵੀਂ ਪਾਸ ਕਰ ਲਈ ਸੀ।

ਮਹਿੰਦਰਾ ਕਾਲਜ ਵਿੱਚ, ਪ੍ਰੈਪ ਵਿੱਚ ਦਾਖਲਾ ਲਿਆ।ਪਟਿਆਲੇ ਤੋਂ10ਕਿਲੋਮੀਟਰ ਤੇ ਮੇਰੀ ਵੱਡੀ ਭੈਣ ਵਿਆਹੀ ਹੋਈ ਸੀ। ਘਰ ਦਿਆਂ ਮੈਨੂੰ ਨਵਾਂ ਸਾਈਕਲ ਲੈ ਕੇ ਦੇ ਦਿੱਤਾ। ਭੈਣ ਕੋਲ ਰਹਿਣ ਲੱਗ ਪਿਆ। ਹਫਤੇ ਬਾਅਦ ਸਾਈਕਲ ਤੇ ਹੀ 30-35 ਕਿਲੋਮੀਟਰ ਪਿੰਡ ਆ ਜਾਣਾ। ਕਦੀ-ਕਦਾਈਂ, ਭੂਆ ਜੀ ਪਟਿਆਲੇ ਵਿਆਹੇ ਹੋਏ ਸਨ, ਉੱਥੇ ਠਹਿਰ ਜਾਣਾ। ਪ੍ਰੈਪ ਸੈਕਿੰਡ-ਡਿਵੀਜ਼ਨ ਵਿੱਚ ਪਾਸ ਕਰ ਲਈ। ਅਗਲੇ ਸਾਲ ਚੰਡੀਗੜ੍ਹ ਚ ਡੀਏਵੀ ਕਾਲਜ ਵਿੱਚ ਦਾਖਲਾ ਲਿਆ,ਸਰਕਾਰੀ ਕਾਲਜ ਵਿੱਚ ਨੰਬਰ ਘੱਟ ਹੋਣ ਕਰਕੇ ਦਾਖਲਾ ਨਾ ਮਿਲਿਆ। ਜੀਜਾ ਜੀ ਦੀ ਨੌਕਰੀ ਪੀਜੀਆਈ ਵਿੱਚ ਲੱਗ ਗਈ ਸੀ, ਕੁਆਰਟਰ ਮਿਲ ਗਿਆ ਸੀ। ਉਹਨਾਂ ਦੇ ਮਿੱਤਰ ਟੈਕਨੀਸ਼ੀਅਨ ਦਾ ਵਾਕਫ ਡੀਏਵੀ ਵਿੱਚ ਪ੍ਰੋਫੈਸਰ ਸੀ, ਦਾਖਲਾ ਦਵਾ ਦਿੱਤਾ। ਬਹੁਤ ਮਿਹਨਤ ਕਰਨੀ ਪਈ, ਤਿੰਨੇ ਸਾਲ ਆਪਣੀ ਕਲਾਸ ਵਿੱਚੋਂ ਫਸਟ ਆਉਂਦਾ ਰਿਹਾ। ਪਰਮਾਤਮਾ, ਮੇਰੀ ਅਨਪੜ ਮਾਂ ਦੀਆਂ ਅਰਦਾਸਾਂ ਦਾ ਫਲ ਮੈਨੂੰ ਦਿੰਦਾ ਰਿਹਾ। ਬੀਏ ਸਲਾਨਾ ਇਮਤਿਹਾਨ ਵਿੱਚੋਂ ਕਾਲਜ ਵਿੱਚੋਂ ਫਸਟ ਆਇਆ। ਕਾਲਜ ਦੀ ਲਾਇਬਰੇਰੀ ਵਿੱਚ ਦੋ ਘੰਟੇ ਕੰਮ ਕਰਨ ਨਾਲ ਮੇਰੀ ਅੱਧੀ ਫੀਸ ਮੁਆਫ ਹੁੰਦੀ ਰਹੀ, ਐਮ ਏ ਕਰਨ ਲਈ ਮੈਨੂੰ ਲੋਨ-ਸਕਾਲਰਸ਼ਿਪ ਮਿਲ ਗਿਆ। ਐਮਏ ਭੂਗੋਲ ਅਤੇ ਬੀਐਡ ਮੈਂ ਫਸਟ ਡਿਵੀਜ਼ਨ ਵਿੱਚ ਪਾਸ ਕੀਤੀਆਂ। ਡਰੈਸ ਖਰੀਦਣ ਵੇਲੇ ਬਹੁਤ ਤੰਗੀ ਸਹਿਣੀ ਪੈਂਦੀ। ਚੰਡੀਗੜ੍ਹ ਆਉਂਦਿਆਂ ਹੀ ਪੈਂਟ ਦਾ ਕੱਪੜਾ ਖਰੀਦਿਆ 5 ਰੁਪਏ ਵਿੱਚ ਉਸਦੀ ਸਿਲਾਈ ਵੀ ਪੰਜ ਰੁਪਏ ਲੱਗੀ। ਇੱਕ ਪੈਂਟ ਨਾਲ ਹੀ ਬੀਏ ਪਾਸ ਕਰ ਲਈ, ਇੱਕ ਰੈਡੀਮੇਡ ਕਮੀਜ ਵੀ ਲਿਆ। ਭਿੱਜ ਜਾਣ ਤੇ ਅਗਲੇ ਦਿਨ ਸੁੱਕਾ ਕੇ ਉਹੀ ਪਾ ਲੈਣੇ। ਬਾਟਾ ਦਾ ਬੂਟਾਂ ਦਾ ਜੋੜਾ ਖਰੀਦਿਆ ਜੋ ਮੈਂ 18 ਸਾਲ ਹੰਢਾਏ। ਸਰਦੀਆਂ ਵਾਸਤੇ ਇੱਕ ਰਿਵਰਸੀਬਲ ਕੋਟੀ ਲਈ, ਇੱਕ ਸਵੈਟਰ ਤੇ ਇੱਕ ਕੋਟ। ਸਾਰੀਆਂ ਚੀਜ਼ਾਂ ਮੇਰੀਆਂ ਯਾਦਗਾਰੀ ਬਣ ਗਈਆਂ। ਮੇਰੇ ਪਿਤਾ ਜੀ ਅਤੇ ਬੇਬੇ ਜੀ ਵਾਸਤੇ ਮੈਂ ਅਣਮੁੱਲਾ ਹੀਰਾ ਬਣ ਗਿਆ। ਕੁਦਰਤ ਨੇ ਮੈਨੂੰ ਤਕਲੀਫਾਂ ਵੀ ਬਹੁਤ ਦਿੱਤੀਆਂ, ਵਰਦਾਨ ਵੀ ਬਹੁਤ ਦਿੱਤੇ। ਮੈਂ ਸ਼ੁਕਰਗੁਜ਼ਾਰ ਹਾਂ ਉਹਨਾਂ ਸਭਨਾਂ ਲੋਕਾਂ ਦਾ, ਖਾਸ ਤੌਰ ਤੇ ਜੀਜਾ ਜੀ ਦਾ (ਜੋ ਇਸ ਦੁਨੀਆਂ ਵਿੱਚ ਹੁਣ ਨਹੀਂ ਰਹੇ) ਜਿਨਾਂ ਦੀ ਬਦੌਲਤ ਮੈਂ ਹਿਮਾਲੀਆ ਪਰਬਤ ਵਰਗੀਆਂ ਬੁਲੰਦੀਆਂ ਨੂੰ ਛੋਹਿਆ।

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ।



**ਅਮਰਜੀਤ ਸਿੰਘ ਤੂਰ**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com